# ਪੰਜਾਬੀ ਅਧਿਐਨ ਬਾਈਬਲ

## ਮਰਕੁਸ ਦਾ ਸ਼ੁਭਸਮਾਚਾਰ

(Gospel of Mark)

ਇਸ ਦੀਆਂ ਵਿਸੇਸ਼ਤਾਈਆਂ

ਇਹ ਅਧਿਐਨ ਪੰਜਾਬੀ ਅਧਿਐਨ ਬਾਈਬਲ ਦਾ ਭਾਗ ਹੈ

ਇਸ ਦੀਆਂ ਵਿਸੇਸ਼ਤਾਈਆਂ

1. ਹਰੇਕ ਆਇਤ ਦੀ ਸ਼ੁਰੂਆਤ ਗਹਿਰੇ ( **Bold** ) ਦੇ ਨਾਲ ਕੀਤੀ ਗਈ ਹੈ।
2. ਪ੍ਰਚਿਲਤ ਸਬਦਾਂ ਦਾ ਪ੍ਰਯੋਗ ਕਰਨ ਦੀ ਕੋਸਿਸ਼ ਕੀਤੀ ਗਈ ਹੈ।
3. ਜ਼ਿਆਦਾਤਰ ਆਇਤਾਂ ਦਾ ਸੰਖੇਪਿਤ ਅਧਿਐਨ ਦਿੱਤਾ ਗਿਆ ਹੈ।

## ਮਰਕੁਸ ਦੀ ਇੰਜੀਲ (Mark)

1 **ਪਰਮੇਸ਼ੁਰ** ਦੇ ਬੇਟੇ ਯਿਸੂ ਮਸੀਹ ਦੀ ਖੁਸ਼ਖਬਰੀ ਦੀ ਸ਼ੁਰੂਆਤ। 2 **ਜਿਸ**
**ਪ੍ਰਕਾਰ** ਯਸਾਯਾਹ ਨਬੀ ਦੀ ਪੁਸਤਕ ਦੇ ਵਿੱਚ
ਲਿਖਿਆ ਗਿਆ ਹੈ ਕਿ ਦੇਖੋ ਮੈਂ ਆਪਣੇ ਦੂਤ ਨੂੰ ਤੁਹਾਡੇ ਤੋਂ ਪਹਿਲਾਂ ਭੇਜਾਂਗਾ, ਜੋ
ਤੁਹਾਡੇ ਲਈ ਰਾਹ ਤਿਆਰ ਕਰੇਗਾ। 3 **ਇੱਕ** ਪੁਕਾਰਨ ਵਾਲੇ ਦੀ ਆਵਾਜ਼ ਜੰਗਲ
ਵਿੱਚ ਸੁਣਾਈ ਦੇ ਰਹੀ ਹੈ ਕਿ ਪ੍ਰਭੂ ਦੇ ਰਾਹ ਤਿਆਰ ਕਰੋ।ਅਤੇ ਉਸਦੇ ਮਾਰਗਾਂ ਨੂੰ
ਸਿੱਧਿਆਂ ਕਰੋ। 4 **ਇਹ** ਪੁਕਾਰਨ ਵਾਲਾ ਯਹੂੰਨਾ ਆਇਆ, ਅਤੇ ਉਹ ਗੁਨਾਹਾਂ
ਦੀ ਮਾਫ਼ੀ ਦੇ ਲਈ ਅਤੇ ਮਨ ਦੀ ਤਬਦੀਲੀ ਦੇ ਲਈ ਬਪਤਿਸਮੇ ਦਾ ਐਲਾਨ ਕਰਨ
ਦੇ ਨਾਲ ਲੋਕਾਂ ਨੂੰ ਯਰਦਨ ਨਦੀ ਵਿੱਚ ਬਪਤਿਸਮਾ ਦਿੰਦਾ ਸੀ। 5 **ਯਹੂਦੀਆ**
ਪ੍ਰਾਂਤ ਅਤੇ ਯਰੂਸ਼ਲਮ ਵਿੱਚ ਰਹਿਣ ਵਾਲੇ ਉਸਦੇ ਕੋਲ ਆਏ, ਜਦੋਂ ਉਹਨਾਂ ਨੇ
ਆਪਣੇ ਗੁਨਾਹਾਂ ਨੂੰ ਮੰਨਿਆਂ ਤਾਂ ਯਹੂੰਨਾ ਨੇ ਉਨ੍ਹਾਂ ਨੂੰ ਯਰਦਨ ਨਦੀ ਵਿੱਚ

ਬਪਤਿਸਮਾ ਦਿੱਤਾ। 6 **ਯਹੂੰਨਾ** ਊਠ ਦੇ ਵਾਲਾਂ ਦੇ ਬਣੇ ਕੱਪੜੇ ਪਹਿਨਦਾ ਸੀ ਅਤੇ
ਲੱਕ ਤੇ ਚਮੜੇ ਦੀ ਬਣੀ ਪੇਟੀ ਬੰਨਦਾ ਸੀ। ਉਸਦਾ ਭੋਜਨ ਟਿੱਡੀਆਂ ਅਤੇ ਜੰਗਲ
ਦਾ ਸ਼ਹਿਦ ਸੀ। 7 **ਉਹ** ਕਹਿੰਦਾ ਸੀ ਕਿ ਮੇਰੇ ਤੋਂ ਬਾਅਦ ਵਿੱਚ ਆਉਣ ਵਾਲਾ
ਮੇਰੇ ਨਾਲੋਂ ਜਿਆਦਾ ਸ਼ਕਤੀਸ਼ਾਲੀ ਹੈ, ਮੈਂ ਤਾਂ ਇਸ ਲਾਇਕ ਵੀ ਨਹੀ ਕਿ ਝੁਕ ਕੇ
ਉਸਦੀ ਜੁੱਤੀ ਦਾ ਤਸ਼ਮਾ ਖੋਲਾਂ। 8 **ਮੈਂ** ਤਾਂ ਤੁਹਾਨੂੰ ਪਾਣੀ ਨਾਲ ਬਪਤਿਸਮਾ ਦਿੱਤਾ
ਪਰੰਤੂ ਯਿਸੂ ਤੁਹਾਨੂੰ ਪਵਿੱਤਰ ਆਤਮਾ ਨਾਲ ਬਪਤਿਸਮਾ ਦੇਵੇਗਾ। 9 **ਉਨ੍ਹਾਂ** ਦਿਨਾਂ
ਵਿੱਚ ਯਿਸੂ ਗਲੀਲ ਦੇ ਨਾਸਰਤ ਤੋਂ ਆਏ ਅਤੇ ਯਰਦਨ ਨਦੀ ਵਿੱਚ ਯਹੂੰਨਾ ਤੋਂ
ਬਪਤਿਸਮਾ ਲਿਆ। 10 **ਪਾਣੀ** ਤੋਂ ਬਾਹਰ ਆਉਦਿੰਆ ਹੀ ਯਿਸੂ ਨੇ ਆਸਮਾਨ ਨੂੰ
ਖੁੱਲਦਿਆਂ ਅਤੇ ਆਤਮਾ ਨੂੰ ਇੱਕ ਕਬੂਤਰ ਦੀ ਤਰ੍ਹਾਂ ਆਪਣੇ ਉੱਪਰ ਉੱਤਰਦਿਆਂ
ਦੇਖਿਆ। 11 **ਉਸੇ** ਸਮੇਂ ਆਸਮਾਨ ਤੋਂ ਇਹ ਆਵਾਜ਼ ਗੂੰਜ ਉੱਠੀ, " ਤੂੰ ਮੇਰਾ
ਪਿਆਰਾ ਬੇਟਾ ਹੈਂ, ਮੈਂ ਤੇਰੇ ਤੋਂ ਖੁਸ਼ ਹਾਂ।" 12 **ਤਦ** ਪਰਮੇਸ਼ੁਰ ਦਾ ਆਤਮਾ ਯਿਸੂ
ਨੂੰ ਉਜਾੜ ਵਿੱਚ ਲੈ ਗਿਆ। 13 **ਜਿੱਥੇ** ਚਾਲੀ ਦਿਨ ਸ਼ੈਤਾਨ ਉਸ ਦੇ ਸਾਹਮਣੇ
ਕਈ ਤਰ੍ਹਾਂ ਦੀਆਂ ਪ੍ਰੀਖਿਆਵਾਂ ਲਿਆਉਂਦਾ ਰਿਹਾ। ਯਿਸੂ ਜੰਗਲੀ ਜਾਨਵਰਾਂ ਦੇ
ਨਾਲ ਰਹੇ ਅਤੇ ਸਵਰਗ ਦੂਤ ਉਨ੍ਹਾਂ ਦੀ ਸੇਵਾ ਕਰਦੇ ਰਹੇ। 14 **ਯਹੂੰਨਾ** ਦੇ
ਹਿਰਾਸਤ ਵਿੱਚ ਲਏ ਜਾਣ ਤੋਂ ਬਾਅਦ ਯਿਸੂ ਨੇ ਗਲੀਲ ਵਿੱਚ ਆ ਕੇ ਪਰਮੇਸ਼ੁਰ ਦੇ
ਰਾਜ ਦੀ ਖੁਸ਼ਖਬਰੀ ਸੁਣਾਈ । 15 **ਅਤੇ** ਕਿਹਾ, "ਸਮਾਂ ਪੂਰਾ ਹੋਇਆ ਹੈ
ਪਰਮੇਸ਼ੁਰ ਦਾ ਰਾਜ ਨਜ਼ਦੀਕ ਆ ਚੁੱਕਿਆ ਹੈ। ਮਨ ਬਦਲ ਦੇਵੋ ਅਤੇ ਖੁਸ਼ੀ ਦੀ
ਖਬਰ ਤੇ ਵਿਸਵਾਸ਼ ਕਰੋ।" 16 **ਗਲੀਲ਼** ਦੀ ਝੀਲ ਦੇ ਕਿਨਾਰੇ ਜਾਂਦੇ ਸਮੇਂ ਯਿਸੂ
ਨੇ ਸਮਊਨ ਅਤੇ ਅੰਦ੍ਰਿਯਾਸ ਨਾਮ ਦੇ ਮੱਛੀਆਂ ਫੜਣ ਵਾਲਿਆਂ ਨੂੰ ਝੀਲ ਵਿੱਚ
ਜਾਲ ਪਾਉਂਦਿਆਂ ਦੇਖਿਆ। 17 **ਯਿਸੂ** ਨੇ ਉਨ੍ਹਾਂ ਨੂੰ ਕਿਹਾ, "ਤੁਸੀਂ ਮੇਰੇ ਪਿੱਛੇ
ਆਓ, ਤਦ ਮੈਂ ਤੁਹਾਨੂੰ ਮਨੁੱਖਾਂ ਨੂੰ ਫੜਣ ਵਾਲੇ ਬਣਾਵਾਂਗਾ। 18 **ਉਸੇ** ਸਮੇਂ ਉਹ
ਜਾਲਾਂ ਨੂੰ ਛੱਡ ਕੇ ਯਿਸੂ ਦੇ ਨਾਲ ਹੋ ਤੁਰੇ। 19 **ਥੋੜ੍ਹਾ** ਅੱਗੇ ਵੱਧਦਿਆਂ ਹੀ ਯਿਸੂ ਨੇ
ਜ਼ਬਦੀ ਦੇ ਬੇਟੇ ਯਾਕੂਬ ਅਤੇ ਉਸਦੇ ਭਰਾ ਯਹੂੰਨਾ ਨੂੰ ਬੇੜੀ ਉੱਤੇ ਜਾਲਾਂ ਨੂੰ ਸੁਧਾਰਦੇ
ਦੇਖਿਆ। 20 **ਯਿਸੂ** ਦੇ ਬੁਲਾਉਣ ਤੇ ਉਹ ਆਪਣੇ ਪਿਤਾ ਜ਼ਬਦੀ ਨੂੰ ਮਜ਼ਦੂਰਾਂ ਦੇ
ਨਾਲ ਛੱਡ ਕੇ, ਯਿਸੂ ਦੇ ਨਾਲ ਹੋ ਤੁਰੇ।

---

ਅਧਿਐਨ

ਸ਼ਬਦ ਖੁਸ਼ਖਬਰੀ ਜਾਂ ਸ਼ੁਭਸਮਾਚਾਰ ਯੂਨਾਨੀ ਸ਼ਬਦ " ਚੰਗੇ ਸਮਾਚਾਰ ਦਾ ਹੀ ਅਨੁਵਾਦ ਹੈ। ਇਸ ਲਈ ਕਿ ਇਹ ਪਰਮੇਸ਼ੁਰ ਦਾ ਉਹ ਸੰਦੇਸ਼ ਹੈ ਜੋ ਮਨੁੱਖਾਂ ਨੂੰ ਮੁਕਤੀ ਦਾ ਰਾਹ ਦਿਖਾਉਂਦਾ ਹੈ। ਯਿਸੂ ਅਤੇ ਉਸਦੇ ਚੇਲਿਆਂ ਨੇ ਇਸਨੂੰ

"ਖੁਸ਼ਖਬਰੀ ਜਾਂ ਚੰਗਾ ਸਮਾਚਾਰ ਕਿਹਾ। 'ਯਿਸੂ' ਅਤੇ 'ਮਸੀਹ' ਦੇ ਅਰਥ ਦੇ ਲਈ ਦੇਖੋ (ਮੱਤੀ 1:1)

**1:1**-"ਪਰਮੇਸ਼ੁਰ ਦਾ ਬੇਟਾ"- ਮੱਤੀ 1:18; 3:16,17, ਯਹੂੰਨਾ 1:18; 3:16; 5:18-23

**1:2,3** - ਮਲਾਕੀ 1:2, ਯਸਾਯਾਹ 40:3,ਮੱਤੀ 3:3; 11:10

**1:4**- ਮੱਤੀ 3:1-6,9:5-7

**1:5-11** - ਮੱਤੀ 3:4-17

**1:12,13** - ਦੇਖੋ ਮੱਤੀ 4:1-11,ਲੂਕਾ 4:1-13

"ਯਿਸੂ ਦੀ ਪ੍ਰੀਖਿਆਂ"ਇਸ ਛੋਟੇ ਜਿਹੇ ਵਿਕਰਾਂਤ ਵਿੱਚ,ਮਰਕੁਸ ਇੱਕ ਸਚਿਆਈ ਨੂੰ ਬਿਆਨ ਕਰਦਾ ਹੈ ਜੋ ਦੂਜੇ ਚੇਲੇ ਨਹੀਂ ਦੱਸਦੇ-ਉਹ ਹੈ ਜੰਗਲੀ ਜਾਨਵਰਾਂ ਦੀ ਮੋਜੂਦਗੀ।ਇਹ ਦਰਸਾਉਂਦਾ ਹੈ ਕਿ ਯਿਸੂ ਵਿਰਾਨ ਤੇ ਜੰਗਲੀ ਥਾਂ ਤੇ ਸੀ।

**1:14** - ਮੱਤੀ 14:3

**1:15** - ਮੱਤੀ 3:2

1:16-20 - ਮੱਤੀ 4:18:22

21 **ਕਫਰਨਾਹੂਮ** ਦੇ ਵਿੱਚ ਸ਼ਬਤ ਦੇ ਦਿਨ ਯਿਸੂ ਅਰਾਧਨਾ ਘਰ ਵਿੱਚ ਜਾ ਕੇ
ਸਿਖਾਉਣ ਲੱਗਾ। 22 **ਇਸ** ਲਈ ਕਿ ਯਿਸੂ ਧਾਰਮਿਕ ਗੁਰੂਆਂ ਦੀ ਤਰ੍ਹਾਂ ਨਹੀ
ਸਗੋਂ ਅਧਿਕਾਰ ਨਾਲ ਸਿਖਾਉਂਦੇ ਸਨ ਲੋਕਾਂ ਨੂੰ ਹੈਰਾਨੀ ਹੋਈ। 23 **ਉਸੇ** ਸਮੇਂ
ਇੱਕ ਭੂਤ ਚੰਬੜੇ ਹੋਏ ਵਿਅਕਤੀ ਨੇ ਚੀਖ ਕੇ ਕਿਹਾ, 24" **ਹੇ** ਨਾਸਰੀ ਯਿਸੂ ਸਾਨੂੰ
ਇਵੇਂ ਹੀ ਰਹਿਣ ਦੇ, ਸਾਡਾ ਤੇਰੇ ਨਾਲ ਕੋਈ ਸੰਬੰਧ ਨਹੀ। ਕੀ ਤੁਸੀਂ ਸਾਨੂੰ ਨਾਸ਼
ਕਰਨ ਆਏ ਹੋ? ਮੈਨੂੰ ਪਤਾ ਹੈ ਕਿ ਤੁਸੀਂ ਕੋਣ ਹੋ। ਤੂੰ ਤਾਂ ਪਰਮੇਸ਼ੁਰ ਦਾ ਪਵਿੱਤਰ
ਜਨ ਹੈਂ। 25 **ਯਿਸੂ** ਨੇ ਉਸਨੂੰ ਝਿੜਕ ਕੇ ਕਿਹਾ, "ਚੁੱਪ ਰਹਿ, ਅਤੇ ਉਸ ਵਿਚੋਂ
ਬਾਹਰ ਨਿੱਕਲ ਆ। 26 **ਤਦ** ਉਹ ਭੂਤ ਉਸਦੇ ਸਰੀਰ ਨੂੰ ਮਰੋੜ ਕੇ ਉੱਚੀ
ਆਵਾਜ ਵਿੱਚ ਚੀਖ ਕੇ ਉਸ ਵਿੱਚੋਂ ਨਿੱਕਲ ਗਿਆ। 27 **ਇਹ** ਦੇਖ ਕੇ ਹੈਰਾਨੀ

ਨਾਲ ਭਰੇ ਲੋਕ ਕਹਿਣ ਲੱਗੇ, ਇਹ ਕੀ? ਇਹ ਤਾਂ ਕੋਈ ਨਵੀਂ ਸਿੱਖਿਆ ਹੈ, ਯਿਸੂ
ਅਧਿਕਾਰ ਦੇ ਨਾਲ ਭੂਤਾਂ ਨੂੰ ਹੁਕਮ ਦਿੰਦੇ ਹਨ ਅਤੇ ਭੂਤ ਉਨ੍ਹਾਂ ਦਾ ਹੁਕਮ ਮੰਨਦੇ
ਹਨ। 28 **ਅਤੇ** ਯਿਸੂ ਦਾ ਨਾਮ ਤੁਰੰਤ ਗਲੀਲ਼ ਦੇ ਆਸ-ਪਾਸ ਦੇ ਸਾਰੇ ਪ੍ਰਦੇਸ਼
ਵਿੱਚ ਫੈਲ ਗਿਆ। 29 **ਯਿਸੂ** ਛੇਤੀ ਨਾਲ ਹੈਕਲ ਵਿੱਚੋਂ ਬਾਹਰ ਨਿੱਕਲ ਕੇ, ਯਾਕੂਬ
ਅਤੇ ਯਹੂੰਨਾ ਦੇ ਨਾਲ ਸਮਊਨ ਅਤੇ ਅੰਦ੍ਰਿਯਾਸ ਦੇ ਘਰ ਆਇਆ। 30 **ਯਿਸੂ** ਨੂੰ
ਦੱਸਿਆ ਗਿਆ ਕਿ ਪਤਰਸ ਦੀ ਸੱਸ ਨੂੰ ਬੁਖਾਰ ਚੜ੍ਹਿਆ ਹੋਇਆ ਹੈ। 31 **ਜਿਵੇਂ**
ਹੀ ਕੋਲ ਜਾ ਕੇ ਯਿਸੂ ਨੇ ਪਤਰਸ ਦੀ ਸੱਸ ਦਾ ਹੱਥ ਫੜ ਕੇ ਉਸਨੂੰ ਉਠਾਇਆ,
ਉਸਦਾ ਬੁਖਾਰ ਉਤਰ ਗਿਆ ਅਤੇ ਉਹ ਯਿਸੂ ਦੀ ਸੇਵਾ ਵਿੱਚ ਲੱਗ ਗਈ। 32
**ਸ਼ਾਮ** ਦੇ ਸਮੇਂ ਸੂਰਜ ਢਲਦੇ ਹੀ ਲੋਕ ਯਿਸੂ ਦੇ ਕੋਲ ਸਭ ਤਰ੍ਹਾਂ ਦੇ ਬਿਮਾਰਾਂ ਅਤੇ
ਭੂਤਾਂ ਦੇ ਜਕੜਿਆਂ ਨੂੰ ਲਿਆਏ। 33 **ਦਰਵਾਜੇ** ਦੇ ਅੱਗੇ ਹੀ ਸਾਰਾ ਨਗਰ ਆ
ਗਿਆ। 34 **ਯਿਸੂ** ਨੇ ਅਲੱਗ-ਅਲੱਗ ਪ੍ਰਕਾਰ ਦੀਆਂ ਬੀਮਾਰੀਆਂ ਨਾਲ ਦੁਖੀ
ਬਹੁਤ ਸਾਰੇ ਲੋਕਾਂ ਨੂੰ ਚੰਗਿਆਂ ਕੀਤਾ ਅਤੇ ਬਹੁਤ ਸਾਰੇ ਭੂਤਾਂ ਨੂੰ ਕੱਢਿਆ। ਇਸ
ਲਈ ਕਿ ਭੂਤ ਯਿਸੂ ਮਸੀਹ ਨੂੰ ਪਹਿਚਾਣਦੇ ਸਨ ਯਿਸੂ ਨੇ ਉਨ੍ਹਾਂ ਨੂੰ ਚੁੱਪ ਕਰਾ
ਦਿੱਤਾ। 35 **ਦਿਨ** ਚੜਣ ਤੋਂ ਬਹੁਤ ਪਹਿਲਾਂ ਯਿਸੂ ਉੱਠੇ ਅਤੇ ਇਕਾਂਤ ਜਗ੍ਹਾ ਤੇ
ਜਾ ਕੇ ਪ੍ਰਾਥਨਾਂ ਕਰਨ ਲੱਗੇ। 36 **ਤਦ** ਸਮਊਨ ਅਤੇ ਉਸਦੇ ਸਾਥੀ ਯਿਸੂ ਨੂੰ ਲੱਭਣ
ਲਈ ਨਿੱਕਲੇ। 37 **ਯਿਸੂ** ਨੂੰ ਲੱਭ ਲੈਣ ਤੇ ਉਹ ਬੋਲੇ, "ਸਭ ਲੋਕ ਤੁਹਾਨੂੰ ਲੱਭ ਰਹੇ
ਹਨ"। 38 **ਯਿਸੂ** ਨੇ ਕਿਹਾ, "ਆਓ ਅਸੀਂ ਸਾਰੇ ਆਸ-ਪਾਸ ਦੇ ਨਗਰਾਂ ਵਿੱਚ
ਜਾ ਕੇ ਲੋਕਾਂ ਨੂੰ ਖੁਸ਼ਖ਼ਬਰੀ ਸੁਣਾਈਏ ਕਿਉਂਕਿ ਇਹੀ ਮੇਰਾ ਕੰਮ ਹੈ। 39 **ਇਸ**
ਲਈ ਯਿਸੂ ਨੇ ਸਾਰੇ ਗਲੀਲ਼ ਅਤੇ ਉਸਦੇ ਆਸ-ਪਾਸ ਦੇ ਸਾਰੇ ਅਰਾਧਨਾਂ ਘਰਾਂ
ਵਿੱਚ ਜਾ ਕੇ ਖੁਸ਼ਖ਼ਬਰੀ ਸੁਣਾਉਣਾ ਅਤੇ ਭੂਤਾਂ ਨੂੰ ਕੱਢਣਾ ਜਾਰੀ ਰੱਖਿਆ।

---

1:21 - "**ਕਫਰਨਾਹੂਮ**" ਮੱਤੀ 4:13

1:22 - ਮੱਤੀ 7:28,29

1:23 - "**ਭੂਤ**" ਮੱਤੀ 4:24

1:24 - ਦੁਸ਼ਟ ਅਤੇ ਗੰਦੀ ਆਤਮਾਵਾਂ ਜਾਂ ਭੂਤਾਂ ਨੂੰ ਇਹ ਗਿਆਨ ਸੀ ਕਿ ਯਿਸੂ ਆਪਣੀ ਤਾਕਤ ਅਤੇ ਵਿਅਕਤੀਤਵ ਵਿੱਚ ਅਨੋਖੇ ਸਨ। "**ਪਰਮੇਸ਼ੁਰ ਦਾ ਪਵਿੱਤਰ ਜਨ**" ਨਵੇਂ ਨਿਯਮ ਵਿੱਚ ਕੇਵਲ ਇਸੇ ਜਗ੍ਹਾ ਤੇ ਇਹ ਸ਼ਬਦ ਇਸਤਿਮਾਲ ਕੀਤਾ ਗਿਆ ਹੈ। ਪਰੰਤੂ ਪ੍ਰਭੂ ਯਿਸੂ ਦੀ ਪਵਿੱਤਰਤਾ ਸਭ ਜਗ੍ਹਾ ਹੈ। (ਲੂਕਾ 1:35,ਯਹੂੰਨਾ 1:46, ਇਬ 4:15; 1 ਪਤ 2:21-24)

1:25 - ਯਿਸੂ ਦੇ ਕੋਲ ਸਾਰੀ ਗੰਦੀ ਆਤਮਾਵਾਂ ਤੇ ਅਧਿਕਾਰ ਸੀ ਅਤੇ ਹੈ (ਮੀਕਾ 5:1-10; ਲੂਕਾ 10:17)

**1:27** - ਲੋਕ ਨਵੀਂ ਸਿੱਖਿਆ ਤੋਂ ਪ੍ਰਭਾਵਿਤ ਨਹੀ ਸਨ ਬਲਕਿ ਇਸ ਲਈ ਕਿ ਯਿਸੂ ਬਹੁਤ ਵੱਡੇ-ਵੱਡੇ ਆਚੰਭਿਤ ਕੰਮ ਕਰਦੇ ਸਨ।(ਮੱਤੀ 1:8 ਦੇ ਨੋਟਸ ਦੇਖੋ)
**1:29-33** - ਮੱਤੀ 8:14-17
**1:34** - ਆਇਤ 25,3:12,5:43, ਮੱਤੀ 8:4,9:30,12:16
**1:35** - ਯਿਸੂ ਅਕਸਰ ਪ੍ਰਾਥਨਾਂ ਕਰਦੇ ਸਨ।(ਮੱਤੀ 14:23, 19:13, 26:26, 39, ਲੂਕਾ 5:16, 6:12, 6:29; 33:32 ਯਹੂੰਨਾ ਅਧਿਆਇ 17; ਇਬ 5:7)

ਕਦੀ-ਕਦੀ ਯਿਸੂ ਪ੍ਰਾਥਨਾਂ ਕਰਨ ਦੇ ਲਈ ਇਕਾਂਤ ਲੱਭਦੇ ਸਨ, ਉਹਨਾਂ ਨੇ ਇੱਕ ਇਨਸਾਨ ਅਤੇ ਪਰਮੇਸ਼ੁਰ ਦੇ ਈਸ਼ਵਰੀ ਬੇਟੇ ਦੋਨਾਂ ਦੇ ਰੂਪ ਵਿੱਚ ਪਰਮੇਸ਼ੁਰ ਦੇ ਅੱਗੇ ਪ੍ਰਾਥਨਾਂ ਕੀਤੀ।ਇਸ ਤੋਂ ਭਾਵ ਹੈ ਕਿ ਉਨ੍ਹਾਂ ਦੀ ਪ੍ਰਾਥਨਾਂ ਵਿੱਚ ਇਨਸਾਨੀ ਅਤੇ ਈਸ਼ਵਰੀ ਦੋਵੇਂ ਸੁਭਾਅ ਸਨ।(ਯਹੂੰਨਾਂ 19 ਅਧਿਆਇ ਦੇ ਨਾਲ ਤੁਲਨਾ ਕਰੋ)

**1:38** - (ਯਸਾ 61:1) ਇਹ ਬਹੁਤ ਸਾਰੇ ਕਾਰਨਾਂ ਵਿੱਚੋਂ ਇੱਕ ਸੀ ਕਿ ਯਿਸੂ ਸਵਰਗ ਤੋਂ ਦੁਨੀਆਂ ਵਿੱਚ ਆਏ। ਦੂਜੇ ਕਾਰਨਾਂ ਦੇ ਲਈ (ਮੱਤੀ 5:17) ਦੀਆਂ ਆਇਤਾਂ ਦੇਖੋ)
**1:39** - ਮੱਤੀ 4:23

40 **ਉਸੇ** ਜਗ੍ਹਾ ਤੇ ਗੋਡੇ ਟੇਕਦੇ ਹੋਏ ਇੱਕ ਕੋਹੜ ਦੇ ਰੋਗੀ ਨੇ ਯਿਸੂ ਦੇ ਅੱਗੇ ਬੇਨਤੀ
ਕੀਤੀ, "ਜੇ ਤੇਰੀ ਮਰਜੀ ਹੈ ਤਾਂ ਮੈਨੂੰ ਸ਼ੁੱਧ ਕਰ ਦੇਵੋ।" 41 **ਯਿਸੂ** ਨੇ ਤਰਸ ਨਾਲ
ਭਰ ਕੇ ਉਸਨੂੰ ਛੁਹਿਆ ਅਤੇ ਕਿਹਾ, "ਮੇਰੀ ਮਰਜੀ ਹੈ ਕਿ ਤੂੰ ਸ਼ੁੱਧ ਹੋ ਜਾਵੇਂ।"
42 **ਉਸੇ** ਘੜੀ ਉਸਦਾ ਕੋੜ੍ਹ ਖਤਮ ਹੋ ਗਿਆ ਅਤੇ ਉਹ ਸ਼ੁੱਧ ਹੋ ਗਿਆ। 43
**ਸਾਵਧਾਨੀ** ਵਰਤਨ ਦੀ ਹਦਾਇਤ ਦੇ ਕੇ ਯਿਸੂ ਨੇ ਉਸਨੂੰ ਵਿਦਾ ਕੀਤਾ। 44 **ਅਤੇ**
ਇਹ ਵੀ ਕਿ ਬਿਨਾਂ ਕਿਸੇ ਨੂੰ ਕੁਝ ਦੱਸੇ ਉਹ ਖੁਦ ਨੂੰ ਪੁਰੋਹਿਤ ਦੇ ਸਾਹਮਣੇ ਪੇਸ਼
ਕਰੇ।ਨਾਲ ਹੀ ਇਹ ਕਿ ਸਬੂਤ ਦੇ ਤੌਰ ਤੇ ਮੂਸਾ ਦੁਆਰਾ ਠਹਿਰਾਈ ਭੇਂਟ ਚੜਾਵੇ।
45 **ਉਸ** ਜਗ੍ਹਾ ਤੋਂ ਜਾਂਦਿਆ ਹੀ ਉਹ ਹਰ ਥਾਂ ਤੇ ਆਪਣੇ ਠੀਕ ਹੋਣ ਬਾਰੇ ਢੰਡੋਰਾ
ਪਿੱਟਣ ਲੱਗਾ। ਇਸ ਕਾਰਨ ਯਿਸੂ ਦਾ ਖੁੱਲੇਆਮ ਫਿਰਨਾ ਘੱਟ ਹੋ ਗਿਆ। ਪਰੰਤੂ

ਯਿਸੂ ਬਾਹਰ ਦੀ ਉਜਾੜ ਵਿੱਚ ਰਹੇ ਅਤੇ ਆਸ-ਪਾਸ ਦੇ ਲੋਕ ਉਸਦੇ ਕੋਲ ਆਉਂਦੇ ਰਹੇ।

---

1:40-43 - ਮੱਤੀ 8:1-4
1:45 - ਚੰਗਾਈ ਦੇ ਲਈ ਧੰਨਵਾਦ ਦੇ ਨਾਲ ਯਿਸੂ ਦੀ ਆਗਿਆ ਨਾ ਮੰਨਣ ਦੇ ਬਜਾਏ,ਉਸਨੇ ਯਿਸੂ ਦੀ ਕਹੀ ਹੋਈ ਗੱਲ ਦੇ ਉੱਲਟ ਕੰਮ ਕੀਤਾ। ਉਹ ਇਕੱਲਾ ਇਨਸਾਨ ਨਹੀ ਸੀ ਜਿਸਨੇ ਇਵੇਂ ਕੀਤਾ। ਭੀੜ ਇੰਨੀ ਵੱਧਦੀ ਜਾ ਰਹੀ ਸੀ, ਧਾਰਮਿਕ ਆਗੂਆਂ ਦਾ ਵਿਰੋਧ ਇੰਨਾਂ ਵੱਧ ਗਿਆ ਸੀ ਕਿ ਯਿਸੂ ਉਸ ਜਗ੍ਹਾ ਤੋਂ ਚਲੇ ਜਾਂਦੇ ਹਨ। ਇਸ ਸਮੇਂ ਉਨ੍ਹਾਂ ਚਾਹਿਆ ਕਿ ਕੋਈ ਗੜਬੜ ਨਾ ਹੋਏ।(ਯਹੂੰਨਾ 7:30)

## ਅਧਿਆਏ-2

1 **ਬਹੁਤ** ਦਿਨਾਂ ਦੇ ਪਿਛੋਂ ਕਫਰਨਾਹੂਮ ਦੇ ਇੱਕ ਘਰ ਵਿੱਚ ਯਿਸੂ ਦੀ ਮੋਜੂਦਗੀ
ਬਾਰੇ ਕਈ ਲੋਕਾਂ ਨੂੰ ਪਤਾ ਲੱਗਾ। 2 **ਵੱਡੀ** ਸੰਖਿਆ ਵਿੱਚ ਲੋਕਾਂ ਦੇ ਆ ਜਾਣ ਤੇ
ਦਰਵਾਜੇ ਦੇ ਕੋਲ ਤੱਕ ਜਗ੍ਹਾ ਨਹੀ ਸੀ, ਪਰੰਤੂ ਯਿਸੂ ਲੋਕਾਂ ਨੂੰ ਪਰਮੇਸ਼ੁਰ ਦੀਆ
ਗੱਲਾਂ ਸਿਖਾ ਰਹੇ ਸਨ। 3 **ਤਦ** ਹੀ ਚਾਰ ਵਿਅਕਤੀ ਇੱਕ ਅਧਰੰਗੀ ਨੂੰ ਉਠਾ ਕੇ
ਲਿਆਉਂਦੇ ਹੋਏ ਯਿਸੂ ਨੂੰ ਮਿਲਣ ਲਈ ਪਹੁੰਚੇ।4 **ਭੀੜ** ਦੇ ਕਰਕੇ ਯਿਸੂ ਤੱਕ ਨਾ
ਪਹੁੰਚਣ ਦੇ ਕਾਰਨ, ਉਹਨਾਂ ਨੇ ਛੱਤ ਖੋਲ ਦਿੱਤੀ। ਫਿਰ ਬਿਮਾਰ ਆਮਦੀ ਨੂੰ ਸਹਿਤ
ਮੰਜੀ ਓੱਪਰ ਤੋਂ ਲਟਕਾ ਕੇ ਯਿਸੂ ਦੇ ਸਾਹਮਣੇ ਰੱਖ ਦਿੱਤਾ। 5 **ਉਨ੍ਹਾਂ** ਚੌਹਾ ਦੇ
ਵਿਸ਼ਵਾਸ ਨੂੰ ਦੇਖ ਕੇ ਯਿਸੂ ਨੇ ਅਧਰੰਗੀ ਨੂੰ ਕਿਹਾ, "ਪੁੱਤਰ ਤੇਰੇ ਪਾਪ ਮਾਫ ਹੋ
ਚੁੱਕੇ ਹਨ।" 6 **ਫਿਰ** ਉੱਥੇ ਮੋਜੂਦ ਧਾਰਮਿਕ ਗੁਰੂ ਆਪਣੇ ਮਨਾਂ ਵਿੱਚ ਵਿਚਾਰ
ਕਰਨ ਲੱਗੇ, 7 "**ਇਹ** ਆਦਮੀ (ਯਿਸੂ) ਇਸ ਪ੍ਰਕਾਰ ਕਿਉਂ ਕਹਿ ਰਿਹਾ ਹੈ? 8
**ਇਹ** ਤਾਂ ਪਰਮੇਸ਼ੁਰ ਦਾ ਨਿਰਾਦਰ ਕਰਦਾ ਹੈ, ਪਰਮੇਸ਼ੁਰ ਦੇ ਬਿਨਾਂ ਹੋਰ ਕੋਣ ਹੈ ਜੋ
ਪਾਪ ਮਾਫ ਕਰ ਸਕਦਾ ਹੈ।8 **ਤੁਰੰਤ** ਯਿਸੂ ਨੇ ਆਪਣੇ ਆਤਮਾ ਵਿੱਚ ਜਾਣ
ਲਿਆ ਕਿ ਉਹ ਆਪਣੇ-ਆਪਣੇ ਮਨਾਂ ਵਿੱਚ ਕੀ ਸੋਚ ਰਹੇ ਹਨ। ਯਿਸੂ ਨੇ ਉਨ੍ਹਾਂ ਨੂੰ
ਆਖਿਆ, "ਤੁਸੀਂ ਆਪਣੇ ਅੰਦਰ ਇਹ ਖਿਆਲ ਕਿਉਂ ਆਉਣ ਦੇ ਰਹੇ ਹੋ? 9

**ਕਿਹੜੀ** ਗੱਲ ਆਸਾਨ ਹੈ ਅਧਰੰਗੀ ਨੂੰ ਇਹ ਕਹਿਣਾ ਕਿ ਤੇਰੇ ਪਾਪ ਮਾਫ ਹੋ ਚੁੱਕੇ
ਹਨ ਜਾਂ ਇਹ ਕਿ ਆਪਣੀ ਮੰਜੀ ਚੁੱਕ ਕੇ ਵਾਪਿਸ ਜਾ?" 10 **ਪਰੰਤੂ** ਉਨ੍ਹਾਂ ਨੂੰ
ਇਹ ਸਿਖਾਉਣ ਦੇ ਲਈ ਕਿ ਪਾਪ ਮਾਫ ਕਰਨ ਦਾ ਅਧਿਕਾਰ ਵੀ ਯਿਸੂ ਦੇ ਕੋਲ
ਹੈ, 11 **ਯਿਸੂ** ਨੇ ਉਸ ਅਧਰੰਗੀ ਨੂੰ ਕਿਹਾ, " ਆਪਣੀ ਮੰਜੀ ਚੁੱਕ ਕੇ ਘਰ ਜਾ। "
12 **ਉਸੇ** ਸਮੇਂ ਉਹ ਆਦਮੀ ਉੱਠਿਆ ਆਪਣੀ ਮੰਜੀ ਚੁੱਕੀ ਅਤੇ ਸਭ ਦੇ ਦੇਖਦੇ
ਹੋਇਆਂ ਚਲਾ ਗਿਆ। ਇਹ ਦੇਖ ਕੇ ਸਭ ਹੈਰਾਨੀ ਨਾਲ ਭਰ ਕੇ ਕਹਿਣ ਲੱਗੇ,
"ਅਸੀਂ ਅਜਿਹਾ ਕਦੇ ਨਹੀਂ ਦੇਖਿਆ।" 13 **ਉਸ** ਜਗ੍ਹਾ ਤੋਂ ਨਿਕਲ ਕੇ ਯਿਸੂ
ਝੀਲ ਦੇ ਕਿਨਾਰੇ ਗਏ ਜਿੱਥੇ ਸਾਰੀ ਭੀੜ ਉਨ੍ਹਾਂ ਦੇ ਕੋਲ ਦੌੜੀ ਆਈ ਅਤੇ ਯਿਸੂ
ਉਨ੍ਹਾਂ ਨੂੰ ਸਿਖਾਉਣ ਲੱਗੇ। 14 **ਜਾਂਦੇ** ਸਮੇ ਯਿਸੂ ਨੇ ਹਲਫਾਈ ਦੇ ਪੁੱਤਰ ਲੇਵੀ ਨੂੰ
ਚੁੰਗੀ ਲੈਣ ਵਾਲੀ ਗੱਦੀ ਤੇ ਬੈਠੇ ਦੇਖਿਆ ਅਤੇ ਉਸਨੂੰ ਨਾਲ ਆਉਣ ਲਈ ਕਿਹਾ।
ਅਤੇ ਲੇਵੀ ਉਨ੍ਹਾਂ ਦੇ ਨਾਲ ਚੱਲ ਪਿਆ।

---

## ਅਧਿਐਨ

**2:1-12** - ਮੱਤੀ 6:1-8 ਦੇ ਨੋਟਸ ਦੇਖੋ।ਮਰਕੁਸ ਸਿਖਾਉਂਦਾ ਹੈ ਕਿ ਅਧਰੰਗੀ ਦੇ ਦੋਸਤਾਂ ਦਾ ਵਿਸਵਾਸ਼ ਉਨ੍ਹਾਂ ਵਿੱਚ ਸਾਰੀ ਰੁਕਾਵਟਾਂ ਦੇ ਉੱਤੇ ਜਿੱਤ ਦੇ ਮਜਬੂਤ ਇਰਾਦੇ ਨੂੰ ਬਣਾਉਂਦਾ ਹੈ। ਇਸ ਗੱਲ ਵਿੱਚ ਉਹ ਸਾਡੇ ਲਈ ਉਦਹਾਰਨ ਹਨ। ਵਿਸਵਾਸ਼ ਦੀ ਨੂੰ ਜਾਰੀ ਰੱਖਣ ਦੇ ਬਾਰੇ ਦੇਖੋ। (ਮੱਤੀ 7:7,8 ; ਲੂਕਾ 11:5-12; 18:1-8)

2:13,14 - ਦੇਖੋ ਮੱਤੀ 9:9 ਜਿੱਥੇ ਲੇਵੀ ਨੂੰ ਮੱਤੀ ਕਿਹਾ ਗਿਆ। ਸ਼ਾਇਦ ਲੇਵੀ ਉਸਦਾ ਅਸਲੀ ਨਾਮ ਸੀ ਅਤੇ ਮੱਤੀ ਇੱਕ ਨਵਾਂ, ਇੱਕ ਰਸੂਲ ਦੇ ਰੂਪ ਵਿੱਚ। ਇਬਰਾਨੀ ਵਿੱਚ "**ਪ੍ਰਭੂ ਦੇ ਵਰਦਾਨ**" ਨੂੰ ਹੀ ਯੂਨਾਨੀ ਵਿੱਚ "**ਮੱਤੀ**" ਕਿਹਾ ਗਿਆ ਹੈ।

15 **ਜਦ** ਯਿਸੂ ਉਸਦੇ ਘਰ ਖਾਣਾ ਖਾਣ ਬੈਠੇ ਤਾਂ ਬਹੁਤ ਸਾਰੇ ਚੁੰਗੀ ਲੈਣ ਵਾਲੇ ਅਤੇ
ਪਾਪੀ ਵੀ ਉੱਥੇ ਮਜੂਦ ਸਨ।ਉਸ ਸਮੇਂ ਤੱਕ ਯਿਸੂ ਦੇ ਨਾਲ ਚੱਲਣ ਵਾਲਿਆਂ ਦੀ
ਸੰਖਿਆ ਕਾਫੀ ਹੋ ਚੁੱਕੀ ਸੀ। 16 **ਇਹ** ਦੇਖ ਕੇ ਕਿ ਯਿਸੂ ਚੁੰਗੀ ਲੈਣ ਵਾਲੇ ਅਤੇ
ਪਾਪੀਆਂ ਦੇ ਨਾਲ ਖਾਣਾ ਖਾ ਰਹੇ ਹਨ, ਧਰਮ ਗ੍ਰੰਥੀਆਂ ਅਤੇ ਫ਼ਰੀਸੀਆਂ ਨੇ ਯਿਸੂ
ਦੇ ਚੇਲਿਆਂ ਨੂੰ ਕਿਹਾ, "ਉਹ ਤਾਂ ਚੁੰਗੀ ਲੈਣ ਵਾਲੇ ਅਤੇ ਪਾਪੀਆਂ ਨਾਲ ਖਾਂਦਾ
ਹੈ।" 17 **ਇਹ** ਸੁਣ ਕੇ ਯਿਸੂ ਨੇ ਉਨ੍ਹਾਂ ਨੂੰ ਕਿਹਾ, ਤੰਦਰੁਸਤ ਲੋਕਾਂ ਨੂੰ ਡਾਕਟਰ
ਦੀ ਲੋੜ ਨਹੀ ਹੁੰਦੀ, ਪਰ ਬਿਮਾਰਾਂ ਨੂੰ ਹੁੰਦੀ ਹੈ,ਮੈਂ ਧਰਮੀਆਂ ਨੂੰ ਨਹੀਂ ਬਲਕਿ
ਪਾਪੀਆਂ ਨੂੰ ਬਚਾਉਣ ਆਇਆ ਹਾਂ। 18 **ਯਹੂੰਨਾ** ਦੇ ਚੇਲੇ ਅਤੇ ਫਰੀਸੀ ਵਰਤ
ਰੱਖਦੇ ਸਨ, ਇਸ ਲਈ ਕੁਝ ਲੋਕਾਂ ਨੇ ਆ ਕੇ ਯਿਸੂ ਨੂੰ ਕਿਹਾ, "ਕਿ ਯਹੂੰਨਾ ਦੇ
ਚੇਲੇ ਅਤੇ ਫ਼ਰੀਸੀਆਂ ਦੇ ਚੇਲੇ ਵਰਤ ਰੱਖਦੇ ਹਨ,ਪਰ ਤੇਰੇ ਚੇਲੇ ਕਿਉਂ ਨਹੀਂ
ਰੱਖਦੇ?" 19 **ਯਿਸੂ** ਨੇ ਕਿਹਾ, "ਕੀ ਬਰਾਤੀ ਕਦੇ ਵਰਤ ਰੱਖਣਗੇ ਜਦ ਕਿ ਲਾੜਾ
ਉਨ੍ਹਾਂ ਦੇ ਨਾਲ ਹੈ। 20 **ਪਰ** ਅਜਿਹੇ ਦਿਨ ਆਉਣਗੇ ਜਦੋਂ ਲਾੜਾ ਬਰਾਤੀਆਂ ਨਾਲੋਂ
ਵੱਖਰਾ ਕੀਤਾ ਜਾਵੇਗਾ,ਤਦ ਉਹ ਵਰਤ ਰੱਖਣਗੇ। 21 **ਪੁਰਾਣੇ** ਵਰਤੇ ਹੋਏ ਕੱਪੜੇ
ਤੇ ਕੋਈ ਨਵੇਂ ਕੱਪੜੇ ਦੀ ਟਾਕੀ ਨਹੀਂ ਲਗਾਉਂਦਾ, ਇਸ ਤਰ੍ਹਾਂ ਕਰਨ ਦੇ ਨਾਲ ਨਵੀ
ਟਾਕੀ ਪੁਰਾਣੇ ਕੱਪੜੇ ਤੋਂ ਕੁਝ ਖਿੱਚ ਲਵੇਗੀ ਅਤੇ ਪਇਆ ਹੋਇਆ ਟਾਕੀ ਲੱਗਿਆ

ਕੱਪੜਾ ਹੋਰ ਪਾਟ ਜਾਵੇਗਾ। 22 **ਤਾਜੇ** ਅੰਗੂਰਾਂ ਦੇ ਰਸ ਨੂੰ ਕੋਈ ਵੀ ਪੁਰਾਣੀਆਂ ਮਸ਼ਕਾਂ ਵਿੱਚ ਨਹੀਂ ਰੱਖਦਾ, ਕਿਉਂਕਿ ਅਜਿਹਾ ਕਰਨ ਨਾਲ ਤਾਜਾ ਅੰਗੂਰਾਂ ਦਾ ਪੁਰਾਣੀਆਂ ਮਸ਼ਕਾਂ ਨੂੰ ਪਾੜ ਦੇਵੇਗਾ। ਜਿਸਦੇ ਫਲਸਰੂਪ ਅੰਗੂਰ ਦਾ ਰਸ ਅਤੇ ਮਸ਼ਕਾਂ ਦੋਵੇਂ ਬਰਬਾਦ ਹੋ ਜਾਣਗੀਆਂ।ਹਮੇਸ਼ਾਂ ਨਵਾਂ ਰਸ ਨਵੀਂ ਮਸ਼ਕਾਂ ਵਿੱਚ ਭਰਿਆ ਜਾਂਦਾ ਹੈ। 23 **ਇੱਕ** ਸਬਤ ਦੇ ਦਿਨ ਜਦ ਯਿਸੂ ਆਪਣੇ ਚੇਲਿਆਂ ਦੇ ਨਾਲ ਖੇਤਾਂ ਦੇ ਵਿੱਚੋਂ ਦੀ ਲੰਘ ਰਹੇ ਸਨ, ਚੇਲੇ ਤੁਰਦੇ ਹੋਏ ਖਲੋਤੀ ਫਸਲ ਦੇ ਸਿੱਟੇ ਤੋੜਣ ਲੱਗੇ। 24 **ਫ਼ਰੀਸੀਆਂ** ਨੇ ਕਿਹਾ, "ਦੇਖੋ ਸਬਤ ਵਿੱਚ ਜੋ ਕਰਨਾ ਮਨ੍ਹਾਂ ਹੈ, ਇਹ ਲੋਕ ਉਹੀ ਕਰ ਰਹੇ ਹਨ।" 25 **ਯਿਸੂ** ਨੇ ਉਨ੍ਹਾਂ ਨੂੰ ਕਿਹਾ, "ਕੀ ਤੁਹਾਨੂੰ ਪਤਾ ਨਹੀਂ ਕਿ ਲੋੜ ਦੇ ਸਮੇਂ ਜਦੋਂ ਦਾਊਦ ਅਤੇ ਉਸਦੇ ਸਾਥੀ ਭੁੱਖੇ ਸਨ ਤਾਂ ਉਨ੍ਹਾਂ ਨੇ ਕੀ ਕੀਤਾ? 26 **ਭੇਂਟ** ਦੀ ਰੋਟੀ ਪੁਰੋਹਿਤ ਦੇ ਇਲਾਵਾ ਕਿਸੇ ਹੋਰ ਨੂੰ ਖਾਣ ਦੀ ਇਜਾਜ਼ਤ ਨਹੀਂ ਸੀ। ਪਰ ਕਿ ਤੁਹਾਨੂੰ ਪਤਾ ਨਹੀਂ ਕਿ ਅਬਯਾਥਾਰ ਪੁਰੋਹਿਤ ਦੇ ਸਮੇਂ ਦਾਊਦ ਪ੍ਰਾਥਨਾਂ ਘਰ ਵਿੱਚ ਗਿਆ ਅਤੇ ਆਪਣੇ ਸਾਥੀਆਂ ਦੇ ਨਾਲ ਮਿਲ ਕੇ ਉਹ ਰੋਟੀ ਖਾਧੀ। 27 **ਯਿਸੂ** ਨੇ ਆਖਿਆ, "ਸਬਤ ਇਨਸਾਨ ਦੇ ਲਈ ਬਣਾਇਆ ਗਿਆ ਸੀ ਨਾ ਕਿ ਇਨਸਾਨ ਸਬਤ ਦੇ ਲਈ।28. **ਕਿਉਂਕਿ** ਮੈਂ ਸਬਤ ਦੇ ਦਿਨ ਤੋਂ ਵੀ ਵੱਧ ਕੇ ਹਾਂ।

---

2:15-17 - ਮੱਤੀ 9:10-13
2:18-22 - ਮੱਤੀ 9:14-17
2:24 - "**ਮਨੁੱਖ ਦਾ ਪੁੱਤਰ**"-ਮੱਤੀ 4-20, "**ਪ੍ਰਭੂ**" 12:4
2:27 - "**ਸਬਤ**" (ਕੂਚ 20:3-11) ਇਹ ਦਿਨ ਇਸ ਲਈ ਦਿੱਤਾ ਗਿਆ ਸੀ ਕਿ ਮਨੁੱਖ ਦੇ ਕੋਲ ਆਰਾਮ ਕਰਨ ਦੇ ਲਈ ਇੱਕ ਖ਼ਾਸ ਦਿਨ ਹੋਵੇ। ਅਤੇ ਇਸ ਲਈ ਕਿ ਉਹ ਪ੍ਰਭੂ ਦੀ ਅਰਾਧਨਾ ਕਰੇ। ਯਿਸੂ ਦੇ ਦਿਨਾਂ ਵਿੱਚ ਧਾਰਮਿਕ ਆਗੂਆਂ ਨੇ ਅਜਿਹੇ ਨਿਯਮ ਬਣਾਏ ਜੋ ਲੋਕਾਂ ਦੀਆਂ ਜਰੂਰਤਾਂ ਤੋਂ ਵੀ ਵੱਧ ਕੇ ਜਰੂਰੀ ਹੋ ਗਏ। ਯਿਸੂ ਨੇ ਇਹ ਜ਼ੋਰ ਪਾਇਆ ਕਿ ਇਨਸਾਨ ਸੀ ਕੀਮਤ 'ਦਿਨਾਂ' ਅਤੇ 'ਬਿਧੀਆਂ' ਤੋਂ ਵੱਧ ਕੇ ਹੈ (ਤੁਲਨਾ ਕਰੋ ਕੁਲੁੱ 2:16)

## ਅਧਿਆਏ-3

ਫਿਰ ਜਦ ਯਿਸੂ ਅਰਾਧਨਾ ਘਰ ਵਿੱਚ ਗਏ ਤਾਂ ਉਨ੍ਹਾਂ ਨੇ ਇੱਕ ਸੁੱਕੇ ਹੱਥ ਵਾਲੇ ਵਿਅਕਤੀ ਨੂੰ ਦੇਖਿਆ। 2 **ਕੁਝ** ਲੋਕ ਉੱਥੇ ਇਸ ਤਾਂਗ ਵਿੱਚ ਸਨ, ਕਿ ਯਿਸੂ ਉਸਨੂੰ ਸਬਤ ਵਾਲੇ ਦਿਨ

ਚੰਗਾ ਕਰਦੇ ਹਨ ਜਾਂ ਨਹੀਂ ਤਾਂ ਕਿ ਉਹ ਯਿਸੂ ਉੱਤੇ ਦੋਸ਼ ਲਾ ਸਕਣ। 3 **ਯਿਸੂ** ਨੇ ਉਸ ਸੁੱਕੇ
ਹੱਥ ਵਾਲੇ ਵਿਅਕਤੀ ਨੂੰ ਕਿਹਾ, “ਜਰਾ ਵਿਚਕਾਰ ਆ ਜਾ।” 4 **ਫਿਰ** ਯਿਸੂ ਨੇ ਉਨ੍ਹਾਂ ਨੂੰ
ਪੁੱਛਿਆ,“ਸਬਤ ਦੇ ਦਿਨ ਕੀ ਕਰਨਾ ਸਹੀ ਹੈ - ਬੁਰਾ ਜਾਂ ਭਲਾ, ਕਿਸੇ ਨੂੰ ਬਚਾਉਣਾ ਜਾਂ
ਮਾਰਨਾ?” ਪਰ ਸਾਰੇ ਚੁੱਪ ਰਹੇ। 5 **ਯਿਸੂ** ਨੇ ਉਨ੍ਹਾਂ ਦੀ ਮਨ ਦੀ ਸਖਤੀ ਤੋਂ ਉਦਾਸ ਹੋ ਕੇ,
ਬਹੁਤ ਗੁੱਸੇ ਦੇ ਨਾਲ ਉਨ੍ਹਾਂ ਦੇ ਵੱਲ ਦੇਖਿਆ, ਅਤੇ ਉਸ ਵਿਅਕਤੀ ਨੂੰ ਕਿਹਾ, “ਆਪਣਾ ਹੱਥ
ਮੇਰੇ ਵੱਲ ਵਧਾ।” ਜਿਵੇਂ ਹੀ ਉਸਨੇ ਇੰਝ ਕੀਤਾ ਉਹ ਚੰਗਾ ਹੋ ਗਿਆ। 6 **ਤਦ** ਫ਼ਰੀਸੀ ਇੱਕ
ਦਮ ਬਾਹਰ ਜਾ ਕੇ ਹੇਰੋਦੇਸ਼ ਦੇ ਧੜੇ ਦੇ ਲੋਕਾਂ ਨਾਲ ਸਲਾਹ ਮਸ਼ਵਰਾ ਕਰਨ ਲੱਗੇ, ਕਿ ਯਿਸੂ ਨੂੰ
ਕਿਵੇਂ ਮਾਰ ਸੁੱਟਣ। 7 **ਇਸ** ਤੋਂ ਬਾਅਦ ਯਿਸੂ ਆਪਣੇ ਚੇਲਿਆਂ ਦੇ ਨਾਲ ਝੀਲ ਦੀ ਵੱਲ ਤੁਰ
ਪਏ ਅਤੇ ਗਲੀਲ਼ ਤੋਂ ਇੱਕ ਵੱਡੀ ਭੀੜ ਉਨ੍ਹਾਂ ਦੇ ਨਾਲ ਚੱਲ ਪਈ। 8 **ਇਹ** ਸੁਣ ਕੇ ਕਿ ਯਿਸੂ
ਕਿਸ ਤਰ੍ਹਾਂ ਦੇ ਅਜੀਬ ਕੰਮ ਕਰਦੇ ਹਨ, ਯਹੂਦੀਆ, ਯਰੂਸ਼ਲਮ, ਅਦੂਮ, ਯਰਦਨ ਦੇ ਪਾਰ ਤੋਂ
ਅਤੇ ਸੂਰ ਅਤੇ ਸੈਦਾ ਦੇ ਆਸ-ਪਾਸ ਤੋਂ ਭੀੜ ਉਨ੍ਹਾਂ ਦੇ ਕੋਲ ਆਈ। 9 **ਯਿਸੂ** ਨੇ ਆਪਣੇ
ਚੇਲਿਆਂ ਨੂੰ ਕਿਹਾ, “ਭੀੜ ਦੇ ਕਾਰਨ ਇੱਕ ਛੋਟੀ ਬੇੜੀ ਮੇਰੇ ਲਈ ਤਿਆਰ ਰੱਖੋ, ਤਾਂ ਕਿ ਲੋਕ
ਮੈਨੂੰ ਦਬਾ ਨਾ ਲੈਣ। 10 **ਇਸ** ਲਈ ਕਿ ਯਿਸੂ ਨੇ ਲੋਕਾਂ ਦੀਆਂ ਬੀਮਾਰੀਆਂ ਦੂਰ ਕੀਤੀਆਂ
ਸਨ ਅਤੇ ਬਿਮਾਰ ਲੋਕ ਯਿਸੂ ਨੂੰ ਛੂਹਣ ਦੇ ਲਈ ਡਿੱਗਦੇ ਜਾਂਦੇ ਸਨ। 11 **ਗੰਦੀਆਂ**
ਆਤਮਾਵਾਂ ਯਿਸੂ ਨੂੰ ਦੇਖ ਕੇ ਡਿੱਗ ਪੈਂਦੀਆਂ ਸਨ ਅਤੇ ਚੀਖ ਕੇ ਕਹਿੰਦੀਆਂ ਸਨ ਕਿ ਯਿਸੂ
ਪਰਮੇਸ਼ੁਰ ਦਾ ਪੁੱਤਰ ਹੈ। 12 **ਯਿਸੂ** ਨੇ ਉਨ੍ਹਾਂ ਨੂੰ ਸਾਵਧਾਨ ਸਖਤੀ ਨਾਲ ਹੁਕਮ ਦਿੱਤਾ ਕਿ ਉਹ
ਉਸਦੇ ਬਾਰੇ ਜਿਆਦਾ ਸੂਚਨਾ ਨਾ ਦੇਣ। 13 **ਇਸ** ਤੋਂ ਬਾਅਦ ਯਿਸੂ ਪਹਾੜ ਤੇ ਗਏ, ਜਿੱਥੇ
ਬਲਾਉਣ ਤੇ ਉਹ ਸਭ ਆਏ ਜਿਨਾਂ ਨੂੰ ਉਹ ਬਲਾਉਣਾ ਚਾਹੁੰਦਾ ਸੀ। 14 **ਫਿਰ** ਯਿਸੂ ਨੇ ਬਾਰ੍ਹਾਂ
ਨੂੰ ਚੁਣਿਆ ਅਤੇ ਉਨ੍ਹਾਂ ਨੂੰ ਰਸੂਲ ਠਹਿਰਾਇਆ, ਤਾਂ ਕਿ ਉਹ ਉਸਦੇ ਨਾਲ ਰਹਿਣ ਅਤੇ ਉਹ
ਉਨ੍ਹਾਂ ਨੂੰ ਖੁਸ਼ਖ਼ਬਰੀ ਸੁਣਾਉਣ ਦੇ ਲਈ ਭੇਜੇ। 15 **ਇਹ** ਵੀ ਕਿ ਉਨ੍ਹਾਂ ਨੂੰ ਭੂਤ ਕੱਢਣ ਦਾ
ਅਧਿਕਾਰ ਰੱਖਣ। 16 **ਉਹ** ਚੁਣੇ ਹੋਏ ਬਾਰ੍ਹਾਂ ਇਹ ਹਨ, ਸਮਊਨ (ਜਿਸਨੂੰ ਉਸਨੇ ਪਤਰਸ ਦਾ
ਨਾਮ ਦਿੱਤਾ) 17 **ਜ਼ਬਦੀ** ਦਾ ਪੁੱਤਰ ਯਾਕੂਬ, ਅਤੇ ਯਾਕੂਬ ਦਾ ਭਰਾ ਯਹੂੰਨਾ (ਉਨ੍ਹਾਂ ਨੂੰ ਉਸਨੇ
ਬੁਆਨੇਰਗਿਸ ਦਾ ਨਾਮ ਦਿੱਤਾ ਅਰਥਾਤ ਗਰਜਨ ਵਾਲੇ) 18 **ਅੰਦ੍ਰਿਯਾਸ**, ਫ਼ਿਲਿੱਪੁਸ,
ਬਰਥੁਲਮਈ, ਮੱਤੀ, ਥੋਮਾ, ਹਲਫਾਈ ਦਾ ਪੁੱਤਰ ਯਾਕੂਬ, ਥੱਦਈ ਅਤੇ ਸ਼ਮਾਊਨ ਕਨਾਨੀ। 19
**ਅਤੇ** ਯਹੂਦਾ ਇਸਕਰਿਯੋਤੀ,ਜਿਸਨੇ ਯਿਸੂ ਨੂੰ ਫੜਵਾਇਆ ਸੀ। 20 **ਜਦ** ਯਿਸੂ ਘਰ ਆਏ
ਤਾਂ ਇੱਕਠੀ ਵੱਡੀ ਭੀੜ ਦੇ ਕਾਰਨ ਉਹ ਅਤੇ ਉਹਨਾਂ ਦੇ ਚੇਲੇ ਖਾਣਾ ਨਾ ਖਾ ਸਕੇ। 21 **ਜਦ**
ਯਿਸੂ ਦੇ ਘਰ ਵਾਲਿਆਂ ਨੇ ਇਹ ਸੁਣਿਆ ਤਾਂ ਉਹ ਉਸਨੂੰ ਫੜਣ ਦੇ ਨਿੱਕਲੇ; ਕਿਉਂਕਿ ਉਨ੍ਹਾਂ ਨੂੰ
ਲੱਗਿਆ ਕਿ ਯਿਸੂ ਦਾ ਦਿਮਾਗ ਖ਼ਰਾਬ ਹੋ ਗਿਆ ਹੈ। 22 **ਯਰੂਸ਼ਲਮ** ਤੋਂ ਆਏ ਧਰਮ
ਗ੍ਰੰਥੀਆਂ ਦਾ ਇਹ ਕਹਿਣਾ ਸੀ ਕਿ ਯਿਸੂ ਬਾਲਜਬੂਲ ਦੁਆਰਾ ਜਕੜਿਆ ਹੋਇਆ ਹੈ ਅਤੇ ਉਹ
ਭੂਤਾਂ ਦੇ ਸਰਦਾਰ ਦੀ ਸਹਾਇਤਾ ਨਾਲ ਦੁਸ਼ਟ ਆਤਮਾਵਾਂ ਨੂੰ ਕੱਢਦਾ ਹੈ।23 **ਇਸ** ਲਈ ਯਿਸੂ
ਨੇ ਉਨ੍ਹਾਂ ਨੂੰ ਕੋਲ ਸੱਦ ਕੇ,ਉਦਹਾਰਨ ਦੇ ਕੇ ਦੱਸਿਆ ਕਿ ਸ਼ੈਤਾਨ ਭੂਤਾਂ ਨੂੰ ਨਹੀਂ ਕੱਢ ਸਕਦਾ
ਹੈ। ਉਦਹਾਰਨ ਇਹ ਸੀ, 24 **ਜੇਕਰ** ਕਿਸੇ ਦੇਸ਼ ਵਿੱਚੋਂ ਏਕਤਾ ਖਤਮ ਹੋ ਜਾਏ ਤਾਂ ਉਹ ਕਿਵੇਂ
ਸਥਿਰ ਰਹਿ ਸਕੇਗਾ। 25 **ਜੇਕਰ** ਕਿਸੇ ਘਰ ਵਿੱਚ ਫੁੱਟ ਪੈ ਜਾਏ ਤਾਂ ਉਹ ਕਿਸ ਤਰ੍ਹਾਂ ਬਣਿਆ
ਰਹਿ ਸਕੇਗਾ। 26 **ਇਸ** ਲਈ ਜੇਕਰ ਸ਼ੈਤਾਨ ਆਪਣੇ ਹੀ ਘਰ ਵਿੱਚ ਫੁੱਟ ਪਾਏ ਅਤੇ ਵੱਖ ਹੋ
ਜਾਏ ਤਾਂ ਉਹ ਖੜਾ ਨਹੀਂ ਰਹੇਗਾ, ਪਰ ਉਸਦਾ ਅੰਤ ਆ ਪਹੁੰਚਿਆ ਹੈ। 27 **ਕੋਈ** ਇਨਸਾਨ
ਕਿਸੇ ਤਾਕਤਵਰ ਦੇ ਘਰ ਜਾ ਕੇ ਉਸਦਾ ਸਮਾਨ ਨਹੀਂ ਲੁੱਟ ਸਕਦਾ, ਜਦ ਤੱਕ ਉਹ ਉਸਨੂੰ ਬੰਨ

ਨਾ ਲਵੇ, ਤਦ ਹੀ ਉਹ ਉਸਦੇ ਘਰ ਨੂੰ ਲੁੱਟ ਸਕੇਗਾ। 28 **ਮੈਂ** ਤੁਹਾਨੂੰ ਸੱਚ-ਸੱਚ ਆਖਦਾ ਹਾਂ ਕਿ ਲੋਕਾਂ ਦੇ ਸਾਰੇ ਪਾਪ ਅਤੇ ਬੇਇੱਜ਼ਤੀ ਮਾਫ਼ ਕੀਤੀ ਜਾਵੇਗੀ। 29 **ਪਰੰਤੂ** ਜੋ ਕੋਈ ਪਵਿੱਤਰ ਆਤਮਾ ਦੇ ਖ਼ਿਲਾਫ ਕੁਝ ਕਹੇ,ਉਹ ਕਦੀ ਵੀ ਮਾਫ਼ ਨਹੀਂ ਕੀਤਾ ਜਾਵੇਗਾ,ਪਰ ਉਹ ਸਦਾ ਦੇ ਲਈ ਇਸ ਗੁਨਾਹ ਦਾ ਦੋਸ਼ੀ ਹੋਵੇਗਾ। 30 **ਯਿਸੂ** ਨੇ ਇਹ ਲਈ ਕਿਹਾ ਕਿਉਂਕਿ ਉਹ ਕਹਿੰਦੇ ਸਨ ਕਿ ਯਿਸੂ ਵਿੱਚ ਗੰਦੀ ਆਤਮਾ ਹੈ। 31 **ਤਦ** ਯਿਸੂ ਦੀ ਮਾਂ ਅਤੇ ਉਸਦੇ ਭਰਾਵਾਂ ਨੇ ਆ ਕੇ ਬਾਹਰ ਤੋਂ ਹੀ ਬੁਲਾਇਆ। 32 **ਭੀੜ** ਉਸਦੇ ਆਸ-ਪਾਸ ਬੈਠੀ ਸੀ ਅਤੇ ਲੋਕਾਂ ਨੇ ਯਿਸੂ ਨੂੰ ਕਿਹਾ, "ਦੇਖੋ ਤੁਹਾਡੀ ਮਾਂ ਅਤੇ ਭਰਾ ਤੁਹਾਨੂੰ ਲੱਭਦੇ ਹੋਏ ਬਾਹਰ ਤੱਕ ਪਹੁੰਚ ਗਏ ਹਨ।" 33 **ਯਿਸੂ** ਨੇ ਪੁੱਛਿਆ, "ਮੇਰੀ ਮਾਂ ਅਤੇ ਭਰਾ ਕੌਣ ਹਨ?" 34 **ਯਿਸੂ** ਨੇ ਆਪਣੀ ਨਿਗਾਹ ਆਪਣੇ ਆਸ-ਪਾਸ ਬੈਠੇ ਲੋਕਾਂ ਵੱਲ ਮਾਰਦੇ ਹੋਏ ਕਿਹਾ, "ਮੇਰੀ ਮਾਂ ਅਤੇ ਭਰਾ ਇਹੋ ਲੋਕ ਹਨ।" ਇਸ ਲਈ ਜੋ ਵਿਅਕਤੀ ਪਰਮੇਸ਼ੁਰ ਦੀਆਂ ਗੱਲਾਂ ਦੇ ਅਨੁਸਾਰ ਚੱਲਦਾ ਹੈ ਉਹੀ ਮੇਰੇ ਭਰਾ,ਭੈਣ ਅਤੇ ਮਾਂ ਹਨ।

---

ਅਧਿਐਨ

3:1-6 - ਮੱਤੀ 12:9-14

3:5 - ਜਿਹੜੇ ਲੋਕਾਂ ਨੂੰ ਇਨਸਾਨ ਦੇ ਬਣਾਏ ਹੋਏ ਨਿਯਮਾਂ ਨਾਲ ਕੁਚਲਣ ਦੇ ਲਈ ਰਾਜੀ ਸਨ, ਯਿਸੂ ਨੂੰ ਉਨ੍ਹਾਂ ਤੇ ਗੁੱਸਾ ਵੀ ਆਇਆ ਅਤੇ ਉਹ ਦੁਖੀ ਵੀ ਹੋਏ। ਕੌਣ ਅਜਿਹਾ ਹੈ ਜੋ ਸਬਤ ਦੇ ਦਿਨ ਮਨ ਦੀ ਸਖ਼ਤੀ ਦੇ ਕਾਰਨ ਕਿਸੇ ਦੀ ਚੰਗਾਈ ਹੋਣ ਜਾਂ ਬਚਾਏ ਜਾਣ ਦੇ ਲਈ ਮਨ੍ਹਾਂ ਕਰੇਗਾ ਉਸਦੇ ਬਜਾਏ ਉਹ ਸਬਤ ਦੇ ਦਿਨ ਮਾਰਨਾ ਚਾਹੇਗਾ। ਅੱਜ ਕੱਲ ਵੀ ਧਾਰਮਿਕ ਲੋਕਾਂ ਦੇ ਰਵੱਈਏ ਅਤੇ ਕੰਮਾਂ ਨੂੰ ਦੇਖ ਕੇ ਯਿਸੂ ਨੂੰ ਗੁੱਸਾ ਆਉਂਦਾ ਹੋਵੇਗਾ।

3:6- "**ਹੇਰੋਦਿਆਸ**" ਮੱਤੀ 22:16

3:8 - ਯਹੂਦਿਯਾ ਦੇ ਦੱਖਣ,ਪੱਛਮ ਵਿੱਚ ਅਦੂਮ ਦਾ ਇੱਕ ਖੇਤਰ ਸੀ।

'**ਸੂਰ ਅਤੇ ਸੈਦਾ**' ਮੱਤੀ 11:21

3:11,12 - ਦੇਖੋ 1:24, 25, 34

3:13 - 19 - ਮੱਤੀ 10:1-4 ਦੇ ਨੋਟਸ ਦੇਖੋ।

3:17 - ਇਹ ਮੰਨਿਆਂ ਜਾਂਦਾ ਹੈ ਕਿ ਉਨ੍ਹਾਂ ਦਾ ਸੁਭਾਅ ਇਸ ਪ੍ਰਕਾਰ ਦਾ ਸੀ।(ਲੂਕਾ 9:54 ਨਾਲ ਤੁਲਨਾ ਕਰੋ)

3:20 - ਦੇਖੋ 6:31

3:21-'**ਦੋਸਤ**' ਇੱਥੇ ਇਸਤਿਮਾਲ ਕੀਤੇ ਗਏ ਯੂਨਾਨੀ ਸ਼ਬਦ ਦਾ ਮਤਲਬ ਹੈ '**ਜੋ ਉਨ੍ਹਾਂ ਦੇ ਨਾਲ ਸਨ**' ਮਤਲਬ ਜੋ ਉਸਦੇ ਸਨ।ਇਸਦਾ ਮਤਲਬ ਪਰਿਵਾਰ ਜਾਂ ਰਿਸ਼ਤੇਦਾਰ ਵੀ ਹੋ ਸਕਦੇ ਹਨ।

'ਦਿਮਾਗ ਤੋਂ ਬਾਹਰ' ਲੂਕਾ 10:20 ਨਾਲ ਤੁਲਨਾ ਕਰੋ।ਪਰਮੇਸ਼ੁਰ ਦੇ ਲਈ ਯਿਸੂ ਦੀ ਲਗਨ ਇੰਨੀ ਸੀ ਕਿ ਉਹ ਲੋਕਾਂ ਨੂੰ ਪਰਮੇਸ਼ੁਰ ਵਿੱਚ ਮਜ਼ਬੂਤ ਬਣਾਉਣ ਦੇ ਲਈ ਸਿਖਾਉਣ ਅਤੇ ਮਦਦ ਕਰਨ ਵਿੱਚ ਇੰਨਾਂ ਅੱਗੇ ਵੱਧ ਜਾਂਦੇ ਸਨ ਕਿ ਦੂਸਰਿਆਂ ਦੀ ਤੁਲਨਾ ਵਿੱਚ ਉਹ ਅਸਾਧਾਰਨ

ਲੱਗਦੇ ਸਨ।ਤੁਲਨਾ ਕਰੋ ਯਹੂੰਨਾਂ 2:13-17।ਇੰਨਾਂ ਕਾਰਨਾਂ ਦੇ ਕਾਰਨ ਹੀ ਮਸੀਹ ਦੇ ਪਿੱਛੇ ਚੱਲਣ ਵਾਲੇ ਹਰ ਇੱਕ ਸਦੀ ਵਿੱਚ ਮੂਰਖ ਅਤੇ ਪਾਗਲ ਸਮਝੇ ਗਏ। (ਦੇਖੋ ਰਸੂਲ 26:24)

**3:22** - ਯਹੂਦੀ,ਧਾਰਮਿਕ ਆਗੂਆਂ ਦੇ ਕੋਲ ਯਿਸੂ ਦੀਆਂ ਸਿੱਖਿਆਵਾਂ ਅਤੇ ਵਿਵਹਾਰ ਦੇ ਪ੍ਰਤਿ ਕੁਝ ਹੋਰ ਵਿਚਾਰ ਸਨ।ਉਹ ਕਹਿੰਦੇ ਸਨ ਕਿ ਉਹ ਸ਼ੈਤਾਨ ਦੀ ਅਧੀਨਤਾ ਵਿੱਚ ਹੈ। **'ਬਾਲਜ਼ਬੂਲ'** ਮੱਤੀ 10:25 ਦੇ ਨੋਟਸ ਦੇਖੋ। ਹਰ ਇੱਕ ਨੂੰ ਇਹ ਫੈਸਲਾ ਲੈਣਾ ਪਵੇਗਾ ਕਿ ਯਿਸੂ ਦੇ ਬਾਰੇ ਕੀ ਵਿਸ਼ਵਾਸ਼ ਕੀਤਾ ਜਾਵੇ। ਕੀ ਯਿਸੂ ਪਾਗਲ ਸੀ, ਜਾਂ ਭੂਤਾਂ ਨਾਲ ਜਕੜਿਆ ਹੋਇਆ ਜਾਂ ਧੋਖੇਬਾਜ ਸੀ? ਅਗਰ ਅਜਿਹਾ ਨਹੀਂ ਤਾਂ ਉਹ ਪਰਮੇਸ਼ੁਰ ਤੋਂ ਸਨ ਅਤੇ ਸੱਚ ਬੋਲਦੇ ਸਨ ਅਤੇ ਪਰਮੇਸ਼ੁਰ ਦੇ ਕੰਮ ਕਰਦੇ ਸਨ। ਉਹ ਸਾਰੇ ਸਬੂਤ ਦਿਖਾਉਂਦੇ ਹਨ ਕਿ ਉਹ ਪਰਮੇਸ਼ੁਰ ਤੋਂ ਸਨ।

**3:22-29** - ਮੱਤੀ 12:25-32
**3:30** - ਆਇਤ 22; ਯਹੂੰਨਾਂ 7:20; 8:48, 42; 10:20
**3:31-35** - ਮੱਤੀ 12:46-50

## ਅਧਿਆਏ-4

1 **ਝੀਲ** ਦੇ ਕਿਨਾਰੇ ਯਿਸੂ ਦੇ ਸਿਖਾਉਂਦੇ ਸਮੇਂ ਵੱਡੀ ਭੀੜ ਇੱਕਠੀ ਹੋਈ ਸੀ।
ਇਸ ਲਈ ਯਿਸੂ ਨੂੰ ਇੱਕ ਬੇੜੀ ਵਿੱਚ ਬੈਠਣਾ ਪਿਆ, ਜਦਕਿ ਭੀੜ ਝੀਲ ਦੇ
ਕਿਨਾਰੇ ਖੜੀ ਰਹੀ। 2 **ਯਿਸੂ** ਦ੍ਰਿਸ਼ਟਾਂਤ ਦੇ ਦੁਆਰਾ ਸਿਖਾਇਆ ਕਰਦੇ ਸਨ,
ਉਨ੍ਹਾਂ ਵਿੱਚੋਂ ਇੱਕ ਇਸ ਪ੍ਰਕਾਰ ਸੀ 3 **ਇੱਕ** ਇਨਸਾਨ ਬੀਜ ਬੀਜਣ ਲਈ
ਨਿੱਕਲਿਆ। 4 **ਬੀਜਦੇ** ਹੋਏ ਕੁਝ ਬੀਜ ਰਸਤੇ ਦੇ ਕਿਨਾਰੇ ਤੇ ਡਿੱਗ ਗਏ, ਅਤੇ
ਪੰਛੀਆਂ ਨੇ ਆ ਕੇ ਚੁੱਗ ਲਿਆ। 5 **ਕੁਝ** ਬੀਜ ਪਥਰੀਲੀ ਜ਼ਮੀਨ ਉੱਤੇ ਡਿੱਗੇ
ਜਿੱਥੇ ਉਨ੍ਹਾਂ ਨੂੰ ਗਹਿਰੀ ਮਿੱਟੀ ਨਾ ਮਿਲਣ ਤੇ ਵੀ ਬੀਜ ਜਲਦੀ ਉੱਗ ਪਏ। 6 **ਪਰ**
ਸੂਰਜ ਨਿੱਕਲਦੇ ਹੀ ਉਹ ਸੁੱਕ ਗਏ ਕਿਉਂਕਿ ਉਨ੍ਹਾਂ ਦੀਆਂ ਜੜ੍ਹਾਂ ਡੂੰਘੀਆ ਨਹੀਂ
ਸਨ। 7 **ਕੁਝ** ਬੀਜ ਝਾੜੀਆਂ ਵਿੱਚ ਡਿੱਗੇ,ਅਤੇ ਝਾੜੀਆਂ ਨੇ ਵੱਧ ਕੇ ਉਨ੍ਹਾਂ ਨੂੰ ਦੱਬ
ਲਿਆ,ਇਸ ਲਈ ਉਹ ਕੁਝ ਵੀ ਫਲ ਨਾ ਦੇ ਸਕੇ। 8 **ਪਰੰਤੂ** ਕੁਝ ਬੀਜ ਚੰਗੀ
ਜ਼ਮੀਨ ਤੇ ਡਿੱਗੇ, ਉਹ ਉੱਗ ਕੇ ਫ਼ਲਵੰਤ ਹੋਏ। ਕੁਝ ਬੀਜ ਤੀਹ ਗੁਣਾ, ਕੁਝ ਸੱਠ
ਗੁਣਾ ਅਤੇ ਕੁਝ ਸੌ ਗੁਣਾ ਫ਼ਲ ਲਿਆਏ। 9 **ਫਿਰ** ਯਿਸੂ ਨੇ ਕਿਹਾ, "ਜਿਸਦੇ

ਸੁਣਨ ਦੇ ਕੰਨ ਹੋਣ, ਉਹ ਸੁਣੇ। 10 **ਯਿਸੂ** ਦੇ ਇਕੱਲੇ ਹੋ ਜਾਣ ਤੋਂ ਬਾਅਦ ਉਸਦੇ
ਸਾਥੀਆਂ ਅਤੇ ਉਨ੍ਹਾਂ ਬਾਰ੍ਹਾਂ ਨੇ ਯਿਸੂ ਨੂੰ ਇੰਨਾਂ ਦ੍ਰਿਸ਼ਟਾਂਤਾ ਦੇ ਬਾਰੇ ਪੁੱਛਿਆ। 11
**ਯਿਸੂ** ਨੇ ਉਨ੍ਹਾਂ ਨੂੰ ਕਿਹਾ, "ਤੁਹਾਨੂੰ ਪਰਮੇਸ਼ੁਰ ਦੇ ਰਾਜ ਦੇ ਭੇਤਾਂ ਦੀ ਸਮਝ ਦਿੱਤੀ
ਗਈ ਹੈ, ਪਰ ਬਾਹਰ ਵਾਲਿਆਂ ਦੇ ਲਈ ਇਹ ਸਭ ਗੱਲਾਂ ਦ੍ਰਿਸ਼ਟਾਂਤਾ ਦੇ ਵਿੱਚ
ਕੀਤੀਆ ਜਾਂਦੀਆ ਹਨ। 12 **ਉਹ** ਦੇਖਦੇ ਤਾਂ ਰਹਿਣਗੇ ਪਰ ਸਮਝ ਨਹੀਂ
ਪਾਉਣਗੇ, ਸੁਣਨਗੇ ਪਰ ਸਮਝ ਨਹੀਂ ਸਕਣਗੇ ਇਸ ਲਈ ਉਨ੍ਹਾਂ ਦਾ ਮਨ ਬਦਲਾਵ
ਨਾ ਹੋਣ ਦੇ ਕਾਰਨ ਉਨ੍ਹਾਂ ਦੇ ਪਾਪ ਮਾਫ਼ ਨਹੀਂ ਹੋ ਸਕਣਗੇ। 13 **ਫਿਰ** ਯਿਸੂ ਨੇ
ਉਨ੍ਹਾਂ ਨੂੰ ਪੁੱਛਿਆ, "ਕੀ ਤੁਸੀਂ ਇਸ ਦ੍ਰਿਸ਼ਟਾਂਤ ਦਾ ਮਤਲਬ ਨਹੀਂ ਸਮਝੇ, ਤਾਂ ਫਿਰ
ਦੂਸਰੇ ਦ੍ਰਿਸ਼ਟਾਂਤਾਂ ਨੂੰ ਕਿਵੇਂ ਸਮਝੋਗੇ? 14 **ਬੀਜਣ** ਵਾਲਾ ਪਰਮੇਸ਼ੁਰ ਦਾ ਵਚਨ
ਬੀਜਦਾ ਹੈ। 15 **ਜੋ** ਰਸਤੇ ਦੇ ਕਿਨਾਰੇ ਤੇ ਹਨ,ਇਹ ਉਹ ਲੋਕ ਹਨ ਕਿ ਜਦ ਉਨ੍ਹਾਂ
ਨੇ ਸੁਣਿਆਂ,ਤਾਂ ਸ਼ੈਤਾਨ ਤੁਰੰਤ ਆ ਕੇ ਜੋ ਕੁਝ ਸਿਖਾਇਆ ਗਿਆ ਹੈ, ਚੁੱਕ ਲੈ
ਜਾਂਦਾ ਹੈ। 16 **ਇਸੇ** ਪ੍ਰਕਾਰ ਜੋ ਪਥਰੀਲੀ ਜ਼ਮੀਨ ਤੇ ਬੀਜੇ ਜਾਂਦੇ ਹਨ,ਇਹ ਉਹ
ਲੋਕ ਹਨ,ਜੋ ਸਿਖਾਈਆ ਗਈਆਂ ਗੱਲਾਂ ਨੂੰ ਸੁਣ ਕੇ ਤੁਰੰਤ ਖੁਸ਼ੀ ਨਾਲ ਮੰਨ ਲੈਂਦੇ
ਹਨ। 17 **ਪਰ** ਅੰਦਰ ਜੜ੍ਹਾਂ ਮਜ਼ਬੂਤ ਨਾ ਹੋਣ ਦੇ ਕਾਰਨ ਥੋੜ੍ਹੇ ਦਿਨ ਤੱਕ ਰਹਿੰਦੇ
ਹਨ।ਇਸਦੇ ਬਾਅਦ ਗ੍ਰਹਿਣ ਕੀਤੀ ਜਾਣ ਵਾਲੀ ਯਿਸੂ ਦੀ ਸਿੱਖਿਆ ਦੇ ਕਾਰਨ ਜਦ
ਉਨ੍ਹਾਂ ਤੇ ਦੁੱਖ ਜਾਂ ਪ੍ਰੇਸ਼ਾਨੀ ਆਉਦੀ ਹੈ ਤਾਂ ਉਹ ਪਿੱਛੇ ਹੱਟ ਜਾਂਦੇ ਹਨ। 18 **ਜੋ**
ਝਾੜੀਆ ਵਿੱਚ ਬੀਜੇ ਗਏ ਉਹ ਇਹ ਹਨ,ਜੋ ਖੁਸ਼ੀ ਦੀ ਖ਼ਬਰ ਸੁਣਦੇ ਹਨ 19 **ਪਰ**
ਦੁਨੀਆਂ ਦੀ ਫ਼ਿਕਰ,ਦੌਲਤ ਦਾ ਧੋਖਾ ਅਤੇ ਦੂਸਰੀਆ ਚੀਜ਼ਾਂ ਦਾ ਲਾਲਚ ਉਨ੍ਹਾਂ
ਵਿੱਚ ਵੱਸ ਕੇ ਪਰਮੇਸ਼ੁਰ ਦੇ ਸ਼ੰਦੇਸ ਨੂੰ ਆ ਦਬੋਚਦਾ ਹੈ ਅਤੇ ਉਹ ਬਿਨਾਂ ਫ਼ਲ ਰਹਿ
ਜਾਂਦਾ ਹੈ। 20 **ਜੋ** ਬੀਜ ਚੰਗੀ ਜ਼ਮੀਨ ਤੇ ਬੀਜੇ ਗਏ, ਉਹ ਇਹ ਹਨ ਜੋ ਖੁਸ਼ੀ ਦੀ
ਖ਼ਬਰ ਸੁਣ ਕੇ ਅਪਣਾਉਂਦੇ ਅਤੇ ਫ਼ਲਦਾਰ ਹੁੰਦੇ ਹਨ, ਕੁਝ ਤੀਹ ਗੁਣਾ,ਸੱਠ ਗੁਣਾ
ਅਤੇ ਸੌ ਗੁਣਾ। 21 **ਯਿਸੂ** ਨੇ ਉਨ੍ਹਾਂ ਨੂੰ ਕਿਹਾ, "ਕੀ ਕੋਈ ਦੀਵੇ ਨੂੰ ਇਸ ਲਈ
ਬਾਲ ਕੇ ਅੰਦਰ ਲਿਆਉਂਦਾ ਹੈ ਕਿ ਉਸਨੂੰ ਬਰਤਨ ਜਾਂ ਮੰਜੀ ਦੇ ਥੱਲੇ ਰੱਖਿਆ
ਜਾਏ। 22 **ਕਿਉਂਕਿ** ਕੋਈ ਲੁਕੀ ਹੋਈ ਵਸਤੂ ਨਹੀਂ, ਜੋ ਸਾਹਮਣੇ ਨਹੀਂ
ਆਏਗੀ,ਨਾ ਹੀ ਕੋਈ ਅਜਿਹੀ ਵਸਤੂ ਗੁਪਤ ਵਿੱਚ ਹੈ ਜੋ ਪ੍ਰਗਟ ਨਹੀਂ ਹੋਵੇਗੀ।
23 ਜੇਕਰ ਕਿਸੇ ਦੇ ਸੁਣਨ ਦੇ ਕੰਨ ਹੋਣ ਤਾਂ ਉਹ ਸੁਣੇ।" 24 **ਫਿਰ** ਯਿਸੂ ਨੇ
ਉਨ੍ਹਾਂ ਨੂੰ ਕਿਹਾ, "ਜੋ ਸੁਣਦੇ ਹੋ ਉਸਦੇ ਬਾਰੇ ਸਾਵਧਾਨ ਰਹੋ। ਜਿਸ ਨਾਪ ਦੇ ਨਾਲ
ਤੁਸੀਂ ਦੂਸਰਿਆਂ ਦੇ ਲਈ ਨਾਪਦੇ ਹੋ,ਉਸੇ ਨਾਪ ਦੇ ਨਾਲ ਤੁਹਾਡੇ ਲਈ ਨਾਪਿਆ
ਜਾਵੇਗਾ ਸਗੋਂ ਤੁਹਾਨੂੰ ਜਿਆਦਾ ਦਿੱਤਾ ਜਾਵੇਗਾ।" 25 **ਕਿਉਂਕਿ** ਜਿਸਦੇ ਦੇ ਕੋਲ
ਹੈ ਉਸਨੂੰ ਹੋਰ ਮਿਲੇਗਾ ਅਤੇ ਜਿਸਦੇ ਕੋਲ ਨਾਂ ਮਾਤਰ ਹੈ ਉਸ ਕੋਲੋਂ ਉਹ ਵੀ ਲੈ
ਲਿਆ ਜਾਵੇਗਾ। 26 **ਫਿਰ** ਯਿਸੂ ਨੇ ਕਿਹਾ, "ਪਰਮੇਸ਼ੁਰ ਦਾ ਰਾਜ ਇੰਝ ਹੀ ਹੈ,

ਜਿਵੇਂ ਕੋਈ ਇਨਸਾਨ ਜ਼ਮੀਨ ਵਿੱਚ ਬੀਜ ਬੀਜੇ। 27 **ਰਾਤ** ਨੂੰ ਸੌਂ ਜਾਏ, ਅਤੇ
ਦਿਨ ਨੂੰ ਜਾਗੇ,ਅਤੇ ਕਿਵੇਂ ਉਹ ਬੀਜ ਉੱਗੇ ਅਤੇ ਵਧੇ ਨਾ ਜਾਣੇ। 28 **ਮਿੱਟੀ** ਦੇ
ਵਿੱਚ ਲੁਕੀ ਤਾਕਤ ਨਾਲ ਹੀ ਕੋਈ ਚੀਜ ਪਹਿਲਾਂ ਅੰਗੂਰੀ, ਸਿੱਟਾ, ਅਤੇ ਫਿਰ ਸਿੱਟੇ
ਵਿੱਚ ਦਾਣੇ ਤਿਆਰ ਕਰਦੀ ਹੈ। 29 **ਦਾਣੇ** ਪੱਕ ਜਾਣ ਦੇ ਬਾਅਦ ਕਿਸਾਨ ਵਾਢੀ
ਦੇ ਲਈ ਦਾਤੀ ਇਸਤਿਮਾਲ ਕਰਦਾ ਹੈ, ਕਿਉਂਕਿ ਵਾਢੀ ਦਾ ਸਮਾਂ ਆ ਗਿਆ ਹੈ।
30 **ਫਿਰ** ਯਿਸੂ ਬੋਲੇ, " ਮੈਂ ਪਰਮੇਸ਼ੁਰ ਦੇ ਰਾਜ ਦੀ ਬਰਾਬਰੀ ਕਿਸ ਦੇ ਨਾਲ ਕਰਾਂ
ਅਤੇ ਕਿਹੜਾ ਦ੍ਰਿਸ਼ਟਾਂਤ ਦੱਸ ਕੇ ਉਸਦੇ ਬਾਰੇ ਸਮਝਾਵਾਂ? 31 **ਪਰਮੇਸ਼ੁਰ** ਦਾ ਰਾਜ
ਇੱਕ ਰਾਈ ਦੇ ਦਾਣੇ ਦੀ ਤਰ੍ਹਾਂ ਹੈ। ਬੀਜੇ ਜਾਣ ਵਾਲੇ ਸਾਰੇ ਬੀਜਾਂ ਤੋਂ ਉਹ ਛੋਟਾ ਤਾਂ
ਹੈ। 32 **ਪਰੰਤੂ** ਉੱਗਣ ਦੇ ਬਾਅਦ ਉਹ ਸਾਰੀ ਸਾਗ-ਸਬਜੀਆਂ ਨਾਲੋਂ ਵੱਡਾ ਹੋ
ਜਾਂਦਾ ਹੈ, ਉਸਦੀਆਂ ਟਹਿਣੀਆਂ ਇੰਨੀਆਂ ਵੱਡੀਆਂ ਹੋ ਜਾਂਦੀਆਂ ਹਨ ਕਿ
ਆਸਮਾਨ ਦੇ ਵਿੱਚ ਉੱਡਣ ਵਾਲੇ ਪੰਛੀ ਆ ਕੇ ਉਸਦੀ ਛਾਂ ਹੇਠ ਵਸੇਰਾ ਕਰਦੇ
ਹਨ। 33 **ਲੋਕਾਂ** ਦੀ ਸਮਝ ਦੇ ਅਨੁਸਾਰ ਦ੍ਰਿਸ਼ਟਾਂਤ ਦੇ ਕੇ ਯਿਸੂ ਉਨ੍ਹਾਂ ਨੂੰ
ਸਮਝਾਉਂਦੇ ਹੁੰਦੇ ਸਨ। 34 **ਬਿਨਾਂ** ਦ੍ਰਿਸ਼ਟਾਂਤ ਦੇ ਯਿਸੂ ਉਨ੍ਹਾਂ ਨੂੰ ਕੁਝ ਵੀ ਨਹੀਂ
ਦੱਸਦੇ ਸਨ। ਜਦੋਂ ਇੱਕਲਿਆ ਉਸਦੇ ਚੇਲੇ ਉਸਦੇ ਨਾਲ ਹੁੰਦੇ ਸਨ ਤਾਂ ਉਹ ਉਨ੍ਹਾਂ
ਦ੍ਰਿਸ਼ਟਾਤਾਂ ਦਾ ਮਤਲਬ ਦੱਸਿਆ ਕਰਦੇ ਸਨ।35 **ਉਸੇ** ਸ਼ਾਮ ਯਿਸੂ ਨੇ ਚੇਲਿਆਂ ਨੂੰ
ਕਿਹਾ, "ਆਉ ਅਸੀਂ ਸਾਰੇ ਉਸ ਝੀਲ ਦੇ ਪਾਰ ਚੱਲੀਏ!" 36 **ਭੀੜ** ਨੂੰ ਵਿਦਾ
ਕਰਨ ਤੋਂ ਬਾਅਦ ਉਹ ਸਾਰੇ ਯਿਸੂ ਦੇ ਨਾਲ ਬੇੜੀ ਤੇ ਸਵਾਰ ਹੋ ਗਏ,ਉਨ੍ਹਾਂ ਦੀ
ਬੇੜੀ ਦੇ ਹੋਰ ਬੇੜੀਆਂ ਵੀ ਸਨ। 37 **ਉਸੇ** ਘੜੀ ਇੱਕ ਤੇਜ ਤੂਫਾਨ ਦੇ ਨਾਲ
ਲਹਿਰਾਂ ਇੱਥੋਂ ਤੱਕ ਟਕਰਾਉਣ ਲੱਗੀਆਂ, ਕਿ ਉਸ ਵਿੱਚ ਪਾਣੀ ਭਰਨ ਲੱਗਾ। 38
**ਪਰੰਤੂ** ਯਿਸੂ ਆਪ ਬੇੜੀ ਦੇ ਪਿੱਛਲੇ ਹਿੱਸੇ ਵਿੱਚ ਸੌਂ ਰਹੇ ਸਨ। ਯਿਸੂ ਨੂੰ ਜਗਾਉਂਦੇ
ਹੋਏ ਉਨਾਂ ਲੋਕਾਂ ਨੇ ਕਿਹਾ, " ਗੁਰੂ ਜੀ ਕੀ ਤੁਹਾਨੂੰ ਪਤਾ ਨਹੀਂ ਕਿ ਅਸੀਂ ਡੁੱਬਣ
ਲੱਗੇ ਹਾਂ?" 39 **ਤੁਰੰਤ** ਯਿਸੂ ਉੱਠੇ ਅਤੇ ਤੂਫਾਨ ਨੂੰ ਡਾਂਟਦੇ ਹੋਏ ਪਾਣੀ ਨੂੰ ਕਿਹਾ,
"ਖ਼ਾਮੋਸ਼!" ਉਸੇ ਸਮੇਂ ਤੂਫ਼ਾਨ ਥਮ ਗਿਆ ਅਤੇ ਖ਼ਾਮੋਸ਼ੀ ਛਾ ਗਈ। 40 **ਯਿਸੂ**
ਬੋਲ ਉੱਠੇ, "ਤੁਸੀਂ ਡਰ ਕਿਉਂ ਗਏ? ਕੀ ਹੁਣ ਤੱਕ ਤੁਹਾਨੂੰ ਮੇਰੇ ਉੱਤੇ ਭਰੋਸਾ
ਨਹੀਂ ਹੈ?" 41 **ਚੇਲੇ** ਡਰ ਗਏ ਅਤੇ ਸਹਿਮੇ ਹੋਏ ਇੱਕ ਦੂਸਰੇ ਨੂੰ ਕਹਿਣ ਲੱਗੇ,
" ਆਖਿਰ ਇਹ ਹੈ ਕੌਣ ਕਿ ਤੂਫਾਨ ਅਤੇ ਲਹਿਰਾਂ ਵੀ ਇਸਦਾ ਹੁਕਮ ਮੰਨਦੇ
ਹਨ?"

---

ਅਧਿਐਨ

4:1-20 - ਮੱਤੀ-13:1-23। ਮਰਕੁਸ, ਮੱਤੀ ਤੋਂ ਥੋੜੇ ਜਿਹੇ ਹੀ ਅਲੱਗ ਸ਼ਬਦ ਇਸ਼ਤਮਾਲ ਕਰਦਾ ਹੈ,ਤਾਂ ਕਿ ਉਸੇ ਸਚਿਆਈ ਨੂੰ ਸਾਹਮਣੇ ਲਿਆਵੇ।ਆਇਤ 11

ਵਿੱਚ ਉਹ “ਪਰਮੇਸ਼ੁਰ ਦਾ ਰਾਜ਼ (ਸ਼ਾਸਨ)” ਸ਼ਬਦ ਦਾ ਇਸ਼ਤੇਮਾਲ ਕਰਦਾ ਹੈ ਜਦਕਿ ਮੱਤੀ “**ਸਵਰਗ ਦਾ ਰਾਜ਼**”।

4:20,21 – ਮੱਤੀ ਅਧਿਆਏ 13 ਵਿੱਚ ਇਹ ਆਇਤ ਨਜਰ ਨਹੀਂ ਆਉਂਦੀ, ਪਰ ਇਸੇ ਹੀ ਤਰ੍ਹਾਂ ਦੇ ਸ਼ਬਦ ਉਸ ਸ਼ੁਭਸਮਾਚਾਰ ਵਿੱਚ ਕਿਸੇ ਹੋਰ ਜਗ੍ਹਾ ਤੇ ਪਾਏ ਜਾਂਦੇ ਹਨ। (ਮੱਤੀ 5:15; 10:26)

4:23 – ਮੱਤੀ 13:9
4:24 – ਮੱਤੀ 7:2
4:25– ਮੱਤੀ 13:12 ; 25:29

4:26-29 – ਇਹ ਦ੍ਰਿਸ਼ਟਾਂਤ ਸਿਰਫ਼ ਮਰਕੁਸ ਵਿੱਚ ਹੈ।ਹਰ ਦਿਨ ਦੀ ਸੱਚਿਆਈ ਇਹ ਹੈ ਕਿ ਜਦ ਚੰਗਾ ਬੀ ਚੰਗੀ ਭੂਮੀ ਵਿੱਚ ਬੀਜਿਆ ਜਾਂਦਾ ਹੈ,ਅੰਗੂਰ ਨਿਕਲਦਾ ਹੈ ਤੇ ਫ਼ਲ ਵੱਧਦਾ ਹੈ। ਭਾਵੇਂ ਬੀ ਬੀਜਨ ਵਾਲਾ ਇਸ ਪ੍ਰਕ੍ਰਿਆ ਨੂੰ ਨਾ ਸਮਝੇ ਉਸ ਨਾਲ ਫ਼ਰਕ ਨਹੀਂ ਪੈਂਦਾ।ਵਿਕਾਸ ਹੌਲੀ-ਹੌਲੀ ਹੋ ਸਕਦਾ ਹੈ,ਪਰ ਆਪਣੇ ਆਪ ਹੁੰਦਾ ਹੈ।ਇਹ ਪਰਮੇਸ਼ੁਰ ਦੇ ਰਾਜ ਦੇ ਬਾਰੇ ਵੀ ਸਹੀ ਹੈ ਜੋ ਕਿਸੇ ਦੇ ਜੀਵਨ ਵਿੱਚ ਕੰਮ ਕਰਦਾ ਹੈ ਜਾਂ ਸਾਰੀ ਧਰਤੀ ਉੱਤੇ-ਸ਼ੁਰੂ ਤੋਂ ਲੈ ਕੇ ਫ਼ਸਲ ਵੱਢੇ ਜਾਣ ਤੱਕ।ਪਰਮੇਸ਼ੁਰ ਦਾ ਵਚਨ ਜਿੰਦਾ ਸ਼ਕਤੀਸ਼ਾਲੀ ਬੀਜ਼ ਹੈ ਜਿਹੜਾ ਲੋਕਾਂ ਦੇ ਅੰਦਰ ਬੀਜਿਆ ਜਾਂਦਾ ਹੈ ਇਹ ਹੀ ਵੱਧਦਾ ਜਾਂਦਾ ਹੈ ਅਤੇ ਫਿਰ ਫ਼ਲ ਲਿਆਉਂਦਾ ਹੈ।ਲੋਕ ਸ਼ਾਇਦ ਸਮਝ ਨਾ ਪਾਉਣ ਜਾਂ ਦੇਖ ਨਾ ਸਕਣ ਜਾਂ ਇਹ ਨੂੰ ਵੱਸ ਵਿੱਚ ਨਾ ਕਰ ਸਕਣ।(ਤੁਲਨਾ ਕਰੋ 1ਕੁੰਰਿ 3:6,7; 1ਪਤ 1:23,24)

ਖੁਸ਼ੀ ਦੀ ਖ਼ਬਰ ਦੇਣ ਵਾਲਿਆ ਲਈ ਤੇ ਬਾਈਬਲ ਦੀ ਸਿੱਖਿਆ ਦੇਣ ਵਾਲਿਆ ਲਈ ਇਹ ਇੱਕ ਉਤਸ਼ਾਹ ਦੀ ਗੱਲ ਹੋ ਸਕਦੀ ਹੈ। ਉਨ੍ਹਾਂ ਨੂੰ ਈਸ਼ਵਰ ਦੀਆ ਗੱਲਾਂ ਅਤੇ ਈਸ਼ਵਰ ਦੇ ਕੰਮਾਂ ਉੱਤੇ ਭਰੋਸਾ ਰੱਖਣਾ ਚਾਹੀਦਾ ਹੈ।ਪਰ,ਇਹ ਸੱਚਾਈ ਦੀ ਲਗਾਤਾਰ ਹੋਣ ਵਾਲੀ ਉੱਨਤੀ ਹੈ ਸਾਨੂੰ ਈਸ਼ਵਰ ਦੀਆ ਗੱਲਾਂ ਸੁਨਣ ਤੇ ਸਾਡੀ ਜਿੰਮੇਦਾਰੀ ਤੋਂ ਨਹੀਂ ਬਚਾ ਸਕਦੀ।(ਦੇਖੋ ਆਇਤ 23,24)

**‘ਫ਼ਸਲ’** ਮੱਤੀ 3:12;13:30 ਪ੍ਰਕਾ 14+14-16 ਤੁਲਨਾ ਕਰੋ।

4:30-32 –ਮੱਤੀ 13:31,32
4:33 – ਕੁਝ ਗੱਲਾਂ ਨੂੰ ਚੇਲੇ ਸਮਝ ਨਹੀਂ ਸਕੇ।ਤੁਲਨਾ ਕਰੋ ਯਹੂੰਨਾਂ 16:12।ਯਿਸੂ ਨੇ ਤੁਲਨਾ ਤੇ ਉਦਾਹਰਣ ਇਸੇ ਲਈ ਦੋਵੇਂ ਸਾਹਮਣੇ ਰੱਖੇ ਤਾਂਕਿ

ਆਪਣੀ ਸਿੱਖਿਆ ਨੂੰ ਰੋਸ਼ਨਮਈ ਕਰੇ। ਇਹ ਸੰਭਵ ਹੈ ਕਿ ਯਿਸੂ ਨੇ ਬਹੁਤ ਸਾਰੀਆ ਗੱਲਾਂ ਕਹੀਆਂ ,ਜਿਨ੍ਹਾਂ ਨੂੰ ਲਿਖਿਆ ਨਹੀਂ ਗਿਆ। (ਤੁਲਨਾ ਕਰੋ ਯਹੂੰਨਾ 20:30, 21:25)

**4:34** - ਆਇਤ 13:20 ਯਿਸੂ ਦੁਆਰਾ ਦਿੱਤੇ ਗਏ ਸਪੱਸ਼ਟੀਕਰਨ ਦੀ ਇੱਕ ਉਦਹਾਰਨ ਹੈ। ਮੱਤੀ 13:36-43 ਦੂਸਰੀ ਹੈ।

**4:35-41** - ਮੱਤੀ 8:23-27

## ਅਧਿਆਏ- 5

ਉਹ ਸਭ ਝੀਲ ਦੇ ਉਸ ਪਾਰ ਗਿਰਸੇਨੀਆਂ ਦੇ ਦੇਸ਼ ਵਿੱਚ ਪਹੁੰਚੇ। 2 **ਜਿਵੇਂ** ਹੀ ਯਿਸੂ ਬੇੜੀ ਤੋਂ ਹੇਠਾਂ ਉੱਤਰੇ ਤੁਰੰਤ ਹੀ ਭੂਤ ਚੰਬੜਿਆ ਇੱਕ ਵਿਅਕਤੀ ਯਿਸੂ ਨੂੰ ਮਿਲਿਆ ਜੋ ਕਬਰਸਤਾਨ ਤੋਂ ਨਿੱਕਲ ਕੇ ਆਇਆ ਸੀ। 3 **ਉਹ** ਕਬਰਸਤਾਨ ਵਿੱਚ ਰਹਿੰਦਾ ਸੀ ਅਤੇ ਕੋਈ ਉਸ ਨੂੰ ਸੰਗਲਾਂ ਨਾਲ ਬੰਨਣ ਵਿੱਚ ਵੀ ਕਾਮਯਾਬ ਨਹੀਂ ਹੋਇਆ ਸੀ। 4 **ਉਹ** ਵਾਰ-ਵਾਰ ਬੇੜੀਆਂ ਅਤੇ ਸੰਗਲਾਂ ਦੇ ਨਾਲ ਬੰਨ੍ਹਿਆਂ ਜਾਂਦਾ ਸੀ, ਪਰ ਉਹ ਉਨ੍ਹਾਂ ਨੂੰ ਟੋਟੇ-ਟੋਟੇ ਕਰ ਸੁੱਟਦਾ ਸੀ,ਉਹ ਕਿਸੇ ਕੋਲੋਂ ਕਾਬੂ ਨਹੀਂ ਆਉਂਦਾ ਸੀ। 5 **ਰਾਤ** ਦਿਨ ਉਹ ਕਬਰਾਂ ਅਤੇ ਪਹਾੜਾਂ ਵਿੱਚ ਚਿਲਾਉਂਦਾ ਅਤੇ ਆਪਣੇ ਆਪ ਨੂੰ ਪੱਥਰਾਂ ਨਾਲ ਜ਼ਖਮੀ ਕਰਦਾ ਸੀ। 6 **ਦੂਰ** ਤੋਂ ਹੀ ਯਿਸੂ ਨੂੰ ਦੇਖ ਕੇ ਉਹ ਦੋੜਾ ਆਇਆ ਅਤੇ ਮੱਥਾ ਟੇਕਣ ਤੋਂ ਬਾਅਦ ਉੱਚੀ ਆਵਾਜ ਵਿੱਚ ਚੀਕ ਕੇ ਕਿਹਾ, 7 "**ਹੇ** ਯਿਸੂ! ਮਹਾਨ ਪਰਮੇਸ਼ੁਰ ਦੇ ਪੁੱਤਰ, ਤੁਹਾਡੇ ਮੇਰੇ ਨਾਲ ਕੋਈ ਵਾਸਤਾ ਨਹੀਂ, ਮੈਂ ਸੋਂਹ ਖਾ ਕੇ ਕਹਿੰਦਾ ਹਾਂ, ਕਿ ਮੈਨੂੰ ਦੁੱਖ ਨਾ ਦੇ।" 8 **ਉਹ** ਇਹ ਸਭ ਇਸ ਕਰਕੇ ਕਹਿ ਰਿਹਾ ਸੀ ਕਿਉਂਕਿ ਯਿਸੂ ਨੇ ਉਸਨੂੰ ਕਿਹਾ ਸੀ, "ਭੂਤ ਇਸ ਆਦਮੀ ਵਿੱਚੋਂ ਨਿੱਕਲ ਜਾ।" 9 **ਯਿਸੂ** ਨੇ ਪੁੱਛਿਆ, " ਤੇਰਾ ਨਾਮ ਕੀ ਹੈ?" ਉਸ ਨੇ ਕਿਹਾ, "ਮੇਰਾ ਨਾਮ ਲਸ਼ਕਰ ਹੈ,ਕਿਉਂਕਿ ਅਸੀਂ ਜਿਆਦਾ ਗਿਣਤੀ ਵਿੱਚ ਹਾਂ। 10 **ਉਸ** ਨੇ ਬਹੁਤ ਤਰਲੇ ਕੀਤੇ, "ਸਾਨੂੰ ਇਸ ਦੇਸ਼ ਵਿੱਚੋਂ ਬਾਹਰ ਨਾ ਘੱਲੋ।" 11 **ਉੱਥੇ** ਹੀ ਪਹਾੜਾਂ ਤੇ ਸੂਰਾਂ ਦਾ ਇੱਕ ਵੱਡਾ ਝੁੰਡ ਚਰ

ਰਿਹਾ ਸੀ। 12 **ਭੂਤਾਂ** ਨੇ ਯਿਸੂ ਦੇ ਅੱਗੇ ਬੇਨਤੀ ਕੀਤੀ, “ਕਿ ਸਾਨੂੰ ਸੂਰਾਂ ਦੇ
ਅੰਦਰ ਘੱਲ ਦੇ। 13 **ਯਿਸੂ** ਨੇ ਉਸੇ ਪ੍ਰਕਾਰ ਕੀਤਾ ਅਤੇ ਭੂਤ ਨਿੱਕਲ ਕੇ ਸੂਰਾਂ ਦੇ
ਅੰਦਰ ਵੜ ਗਏ, ਜਿਸਦੇ ਕਾਰਨ ਲੱਗਭਗ ਦੋ ਹਜ਼ਾਰ ਸੂਰਾਂ ਦਾ ਝੁੰਡ ਬਹੁਤ ਤੇਜੀ
ਨਾਲ ਝੀਲ ਵਿੱਚ ਡੁੱਬ ਕੇ ਮਰ ਗਿਆ। 14 **ਸੂਰਾਂ** ਦੇ ਚਰਵਾਹੇ ਭੱਜ ਉੱਠੇ ਅਤੇ
ਪਿੰਡਾਂ ਵਿੱਚ ਖ਼ਬਰ ਦਿੱਤੀ। ਖ਼ਬਰ ਸੁਣਦੇ ਹੀ ਲੋਕ ਦੇਖਣ ਦੇ ਲਈ ਉੱਥੇ ਆ ਗਏ।
15 **ਜਿਸ** ਆਦਮੀ ਵਿੱਚ ਭੂਤਾਂ ਦਾ ਲਸ਼ਕਰ ਸੀ, ਉਸਨੂੰ ਕੱਪੜੇ ਪਾਏ ਅਤੇ ਪੂਰੇ
ਹੋਸ਼ ਵਿੱਚ ਦੇਖ ਕੇ ,ਆਏ ਹੋਏ ਲੋਕ ਡਰ ਗਏ। 16 **ਘਟਨਾ** ਦੇਖਣ ਵਾਲਿਆਂ ਨੇ
ਭੂਤਾਂ ਨਾਲ ਜਕੜੇ ਵਿਅਕਤੀ ਅਤੇ ਸੂਰਾਂ ਦਾ ਸਾਰਾ ਹਾਲ ਉਨ੍ਹਾਂ ਨੂੰ ਦੱਸਿਆ। 17
**ਉਨ੍ਹਾਂ** ਲੋਕਾਂ ਨੇ ਯਿਸੂ ਨੂੰ ਬੇਨਤੀ ਕੀਤੀ ਕਿ ਉਹ ਉਨ੍ਹਾਂ ਦੀਆਂ ਸਰਹੱਦਾਂ ਤੋਂ ਬਾਹਰ
ਚਲਾ ਜਾਏ। 18 **ਭੂਤਾਂ** ਤੋਂ ਆਜਾਦੀ ਪਾਇਆ ਵਿਅਕਤੀ ਯਿਸੂ ਦੇ ਬੇੜੀ ਉੱਤੇ
ਚੜਣ ਸਮੇਂ ਬੇਨਤੀ ਕਰਨ ਲੱਗਾ ਕਿ ਯਿਸੂ ਉਸਨੂੰ ਆਪਣੇ ਨਾਲ ਰਹਿਣ ਦੇਵੇ। 19
**ਪਰ** ਯਿਸੂ ਨੇ ਉਸਦੀ ਨਾ ਸੁਣਦੇ ਹੋਏ ਕਿਹਾ, “ਆਪਣੇ ਘਰ ਜਾ ਕੇ ਆਪਣੇ ਲੋਕਾਂ
ਨੂੰ ਦੱਸ ਕਿ ਤੇਰੇ ਤੇ ਤਰਸ ਕਰ ਕੇ ਪ੍ਰਭੂ ਨੇ ਤੇਰੇ ਲਈ ਕੀ ਕੰਮ ਕੀਤੇ ਹਨ।” 20
**ਉਹ** ਜਾ ਕੇ ਦਿਕਾਪੁਲਿਸ ਵਿੱਚ ਲੋਕਾਂ ਨੂੰ ਦੱਸਣ ਲੱਗਾ, ਕਿ ਯਿਸੂ ਨੇ ਉਸਦੇ ਲਈ
ਕਿੰਨੇ ਵੱਡੇ ਕੰਮ ਕੀਤੇ। 21 **ਯਿਸੂ** ਦੇ ਬੇੜੀ ਦੁਆਰਾ ਦੂਸਰੇ ਪਾਸੇ ਜਾਂਦੇ ਹੀ ਇੱਕ
ਵੱਡੀ ਭੀੜ ਇੱਕਠੀ ਹੋ ਗਈ। 22 **ਉੱਥੇ** ਹੀ ਝੀਲ ਦੇ ਕਿਨਾਰੇ ਸਮਾਜ ਦੇ ਪ੍ਰਧਾਨਾਂ
ਵਿੱਚੋਂ ਜੈਰੁਸ ਨਾਮ ਦਾ ਇੱਕ ਵਿਅਕਤੀ ਆਇਆ ਅਤੇ ਯਿਸੂ ਦੇ ਪੈਰਾਂ ਤੇ ਡਿੱਗ
ਪਿਆ। 23 **ਬਹੁਤ** ਤਰਲੇ ਕਰਦਿਆ ਹੋਇਆਂ ਉਸਨੇ ਯਿਸੂ ਨੂੰ ਕਿਹਾ, “ ਮੇਰੀ
ਬੇਟੀ ਮਰਨ ਵਾਲੀ ਹੈ।” ਤੁਸੀਂ ਆ ਕੇ ਉਸ ਉੱਤੇ ਹੱਥ ਰੱਖੋ ਤਾਂ ਕਿ ਉਹ ਠੀਕ ਹੋ
ਕੇ, ਜਿੰਦਾ ਰਹੇ।” 24 **ਯਿਸੂ** ਉਸਦੇ ਨਾਲ ਉਸਦੇ ਘਰ ਵੱਲ ਨੂੰ ਤੁਰ ਪਿਆ। ਭੀੜ
ਇੰਨੀ ਜਿਆਦਾ ਸੀ ਕਿ ਲੋਕ ਇੱਕ ਦੂਸਰੇ ਦੇ ਉੱਤੇ ਡਿੱਗਦੇ ਜਾਂਦੇ ਸਨ। 25
**ਉਹਨਾਂ** ਵਿੱਚ ਇੱਕ ਇਸਤਰੀ ਨੂੰ ਬਾਰ੍ਹਾਂ ਸਾਲਾਂ ਤੋਂ ਖ਼ੂਨ ਵਹਿਣ ਦੀ ਬਿਮਾਰੀ ਸੀ।
26 **ਡਾਕਟਰਾਂ** ਤੋਂ ਉਸਨੂੰ ਬਹੁਤ ਦੁੱਖ ਮਿਲਿਆ ਸੀ ਕਿਉਂਕਿ ਉਹ ਆਪਣੀ ਸਾਰੀ
ਦੋਲਤ ਇਲਾਜ ਦੇ ਲਈ ਲਗਾਉਣ ਤੋਂ ਬਾਅਦ ਵੀ ਫਾਇਦਾ ਹੋਣ ਦੀ ਜਗ੍ਹਾ ਹੋਰ
ਬਿਮਾਰ ਹੋ ਗਈ ਸੀ। 27 **ਯਿਸੂ** ਦੀ ਮਸ਼ਹੂਰੀ ਸੁਣ ਕੇ ਭੀੜ ਦੇ ਵਿੱਚ ਯਿਸੂ ਦੇ
ਪਿੱਛੇ ਆ ਕੇ ਉਸਨੇ ਯਿਸੂ ਦੇ ਕੱਪੜੇ ਨੂੰ ਛੂਹ ਲਿਆ। 28 **ਉਸਦਾ** ਮੰਨਣਾ ਸੀ
ਕਿ, “ਜੇਕਰ ਮੈਂ ਯਿਸੂ ਦੇ ਕੱਪੜੇ ਨੂੰ ਹੀ ਛੂਹ ਲਵੇਗੀ ਤਾਂ ਚੰਗੀ ਹੋ ਜਾਵਾਂਗੀ।” 29
**ਉਸੇ** ਵੇਲੇ ਉਸਦਾ ਖ਼ੂਨ ਵਹਿਣਾ ਬੰਦ ਹੋ ਗਿਆ ਅਤੇ ਉਸਨੇ ਆਪਣੇ ਸਰੀਰ ਵਿੱਚ
ਮਹਿਸੂਸ ਕੀਤਾ ਕਿ ਉਸਨੂੰ ਬਿਮਾਰੀ ਤੋਂ ਮੁਕਤੀ ਮਿਲ ਗਈ ਹੈ। 30 **ਇਹ**
ਮਹਿਸੂਸ ਕਰਦੇ ਹੀ ਕਿ ਉਨ੍ਹਾਂ ਵਿੱਚੋਂ ਸ਼ਕਤੀ ਨਿੱਕਲੀ ਹੈ ਯਿਸੂ ਨੇ ਪਿੱਛੇ ਮੁੜ ਕੇ
ਕਿਹਾ, “ਮੇਰੇ ਕੱਪੜਿਆਂ ਨੂੰ ਕਿਸਨੇ ਛੂਹਿਆ ਹੈ?” 31 **ਯਿਸੂ** ਦੇ ਚੇਲੇ ਬੋਲੇ,

“ਤੁਸੀਂ ਭੀੜ ਦੇ ਦਬਾਅ ਨੂੰ ਦੇਖ ਰਹੇ ਹੋ ਅਤੇ ਫਿਰ ਵੀ ਕਹਿ ਰਹੇ ਹੋ ਕਿ ਤੁਹਾਨੂੰ ਕਿਸ ਨੇ ਛੂਹਿਆ?” 32 **ਛੂਹਣ** ਵਾਲੇ ਵਿਅਕਤੀ ਨੂੰ ਦੇਖਣ ਦੇ ਲਈ ਯਿਸੂ ਨੇ ਆਪਣੀ ਨਜ਼ਰ ਦੋੜ੍ਹਾਈ। 33 **ਪਰੰਤੂ** ਜਿਸ ਇਸਤਰੀ ਨੂੰ ਬਿਮਾਰੀ ਤੋਂ ਆਜਾਦੀ ਮਿਲੀ ਸੀ ਡਰਦੇ ਅਤੇ ਕੰਬਦੇ ਹੋਏ ਯਿਸੂ ਦੇ ਸਾਹਮਣੇ ਆ ਕੇ ਡਿੱਗ ਪਈ ਅਤੇ ਸਭ ਕੁਝ ਦੱਸਿਆ। 34 **ਯਿਸੂ** ਨੇ ਉਸਨੂੰ ਕਿਹਾ, “ਬੇਟੀ ਤੇਰੇ ਵਿਸ਼ਵਾਸ ਦੇ ਕਾਰਨ ਤੂੰ ਚੰਗੀ ਹੋਈ ਹੈ।”

35 **ਯਿਸੂ** ਅਜੇ ਉਸ ਨਾਲ ਗੱਲਾਂ ਕਰ ਹੀ ਰਹੇ ਸਨ ਕਿ ਕੁਝ ਲੋਕ ਜੋ ਜੈਰੁਸ ਦੇ ਘਰ ਵਿੱਚੋਂ ਆਏ ਸਨ ਉਸਨੂੰ ਬੋਲੇ, “ ਤੇਰੀ ਬੇਟੀ ਮਰ ਚੁੱਕੀ ਹੈ, ਹੁਣ ਗੁਰੂ ਜੀ ਨੂੰ ਖੇਚਲ ਕਿਉਂ ਦੇ ਰਹੇ ਹੋ?” 36 **ਯਿਸੂ** ਨੇ ਲੋਕਾਂ ਦੇ ਇੰਨ੍ਹਾਂ ਸ਼ਬਦਾ ਨੂੰ ਸੁਣਿਆ ਅਤੇ ਉਨ੍ਹਾਂ ਨੂੰ ਨਕਾਰਦੇ ਹੋਏ ਉਸਨੇ ਜੈਰੁਸ ਨੂੰ ਕਿਹਾ, “ਡਰਨ ਦੀ ਕੋਈ ਗੱਲ ਨਹੀਂ, ਸਿਰਫ ਭਰੋਸਾ ਰੱਖੋ” 37 **ਪਤਰਸ,** ਯਾਕੂਬ ਤੇ ਯਾਕੂਬ ਦੇ ਭਰਾ ਯਹੂੰਨਾ ਨੂੰ ਛੱਡ ਕੇ ਯਿਸੂ ਨੇ ਕਿਸੇ ਹੋਰ ਨੂੰ ਆਪਣੇ ਨਾਲ ਨਾ ਆਉਣ ਦਿੱਤਾ। 38 **ਸਮਾਜ** ਦੇ ਪ੍ਰਬੰਧਕ ਦੇ ਘਰ ਪਹੁੰਚਣ ਯਿਸੂ ਨੇ ਉੱਥੇ ਸ਼ੋਰ ਸ਼ਰਾਬੇ ਤੋਂ ਬਿਨਾਂ ਲੋਕਾਂ ਨੂੰ ਉੱਚੀ-ਉੱਚੀ ਰੋਂਦੇ ਦੇਖਿਆ। 39 **ਅੰਦਰ** ਆਉਂਦੇ ਹੀ ਯਿਸੂ ਨੇ ਉਹਨਾਂ ਨੂੰ ਕਿਹਾ, ਤੁਸੀਂ ਇਹ ਸਾਰਾ ਰੋਣਾ ਧੋਣਾ ਕਿਉਂ ਕਰ ਰਹੇ ਹੋ? ਬੱਚੀ ਮਰੀ ਨਹੀਂ ਉਹ ਤਾਂ ਸੌਂ ਰਹੀ ਹੈ।” 40 **ਉੱਥੇ** ਇਕੱਠੇ ਲੋਕ ਯਿਸੂ ਦੀ ਇਸ ਗੱਲ ਤੋਂ ਹੱਸ ਪਏ।ਪਰ ਜਦ ਯਿਸੂ ਨੇ ਸਭ ਨੂੰ ਬਾਹਰ ਕੱਢ ਦਿੱਤਾ, ਬੱਚੀ ਦੇ ਮਾਤਾ ਪਿਤਾ ਤੇ ਆਪਣੇ ਸਾਥੀਆ ਸਮੇਤ ਉਸ ਜਗ੍ਹਾ ਪਹੁੰਚੇ ਜਿੱਥੇ ਉਹ ਲੇਟੀ ਹੋਈ ਸੀ। 41 **ਬੱਚੀ** ਦਾ ਹੱਥ ਫ਼ੜ ਕੇ ਯਿਸੂ ਨੇ ਉਸ ਨੂੰ ਕਿਹਾ ‘ਤਲੀਥਾ ਕੁਮ’ (ਜਿਸਦਾ ਅਰਥ ਹੈ ਛੋਟੀ ਬੱਚੀ ਮੈਂ ਤੈਨੂੰ ਕਹਿੰਦਾ ਹਾਂ ਉੱਠ)। 42 **ਉਸੇ** ਸਮੇਂ ਉਹ ਬੇਟੀ ਉੱਠੀ ਤੇ ਚੱਲਣ ਫਿਰਨ ਲੱਗੀ (ਉਹ ਬਾਰ੍ਹਾਂ ਸਾਲਾਂ ਦੀ ਸੀ)।43 **ਉੱਥੇ** ਮਜੂਦ ਸਾਰੇ ਲੋਕ ਹੈਰਾਨੀ ਨਾਲ ਭਰ ਗਏ।ਯਿਸੂ ਨੇ ਉਨ੍ਹਾਂ ਨੂੰ ਸਖ਼ਤੀ ਨਾਲ ਕਿਹਾ, “ਕਿ ਇਸ ਘਟਨਾ ਦੇ ਬਾਰੇ ਕੋਈ ਨਾ ਜਾਣ ਸਕੇ।ਇਹ ਵੀ ਕਿ ਇਸ ਕੁੜੀ ਨੂੰ ਕੁਝ ਖਾਣ ਨੂੰ ਦਿੱਤਾ ਜਾਵੇ।”

---

## ਅਧਿਐਨ

5:1-20 - ਇਹ ਮੱਤੀ 8:28-34 ਵਿੱਚ ਦਿੱਤੀ ਗਈ ਘਟਨਾ ਦੇ ਵਿਸਤਾਰ ਨਾਲ ਦੱਸਿਆ ਹੈ। ਮੱਤੀ ਦਾ ਕਹਿਣਾ ਹੈ ਕਿ ਦੋ ਭੂਤਾਂ ਨਾਲ ਚੰਬੜੇ ਵਿਅਕਤੀ ਸਨ।ਮਰਕੁਸ ਇੱਕ ਦੇ ਬਾਰੇ ਦੱਸਦਾ ਹੈ ਅਤੇ ਇੱਕ ਉੱਤੇ ਧਿਆਨ ਕੇਂਦਰਿਤ ਕਰਦਾ ਹੈ ਅਤੇ ਇਸ ਲਈ ਦੂਸਰਾ ਰਹਿ ਜਾਂਦਾ ਹੈ।

5:2- ਮੱਤੀ 4:28 ਵਿੱਚ ਭੂਤਾਂ ਦੇ ਚੰਬੜਣ ਦੇ ਉੱਤੇ ਨੋਟਸ ਦੇਖੋ।
5:3-5 - ਇਹ ਦੇਖਣ ਨੂੰ ਮਿਲਦਾ ਹੈ ਕਿ ਭੂਤ ਕਿਸੇ ਵਿਅਕਤੀ ਦੀ ਕੀ ਹਾਲਤ ਕਰ ਸਕਦੇ ਹਨ, ਇਸ ਵਿਅਕਤੀ ਦਾ ਸਖ਼ਤ ਵਿਵਹਾਰ ਅਤੇ ਤਾਕਤ ਬਹੁਤ ਸਾਰੇ ਭੂਤਾਂ ਦੇ ਕਰਕੇ ਸੀ।(6)

5:7 - ਅਜਿਹਾ ਲੱਗਦਾ ਹੈ ਕਿ ਭੂਤਾਂ ਨੂੰ ਹਮੇਸ਼ਾਂ ਪਤਾ ਸੀ ਕਿ ਯਿਸੂ ਕੌਣ ਹੈ। 1:28-34

5:8 - ਇੱਕ ਜਾਂ ਲਸ਼ਕਰ ਵਿੱਚ 3 ਤੋਂ ਲੈ ਕੇ 8 ਹਜ਼ਾਰ ਲੋਕ ਹੁੰਦੇ ਸਨ। ਫਿਰ ਵੀ ਆਇਤ 2 ਅਤੇ 8 ਵਿੱਚ ਅਜਿਹਾ ਲੱਗਦਾ ਹੈ ਕਿ ਇੱਕ ਹੀ ਆਤਮਾ ਸੀ। ਇਹ ਸ਼ਾਇਦ ਇਸ ਕਰਕੇ ਸੀ ਕਿ ਇੱਕ ਆਗੂ ਦੁਸ਼ਟ ਆਤਮਾ ਸੀ ਅਤੇ ਯਿਸੂ ਵਿਸੇਸ਼ ਕਰਕੇ ਉਸੇ ਨੂੰ ਸੰਬੋਧਿਤ ਕਰ ਰਹੇ ਸਨ।

5:10- ਲੂਕਾ 8:31 ਨਾਲ ਤੁਲਨਾ ਕਰੋ।

5:15 - ਉਹਨਾਂ ਨੇ ਮਹਿਸੂਸ ਕੀਤਾ ਕਿ ਯਿਸੂ ਨੇ ਵੱਡੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਸੀ। ਪਰ ਉਹ ਸਮਝ ਨਹੀਂ ਸਕੇ ਕਿ ਯਿਸੂ ਕੋਣ ਸਨ ਅਤੇ ਉਸਦਾ ਉਦੇਸ਼ ਕੀ ਸੀ- ਦੁੱਖ ਦੀ ਗੱਲ ਇਹ ਹੈ ਕਿ ਉਨ੍ਹਾਂ ਸਮਝਣਾ ਹੀ ਨਹੀਂ ਚਾਹਿਆ।

5:19 - “ਲੋਕਾਂ ਨੂੰ ਦੱਸੋ” ਯਿਸੂ ਦੇ ਇਸ ਹੁਕਮ ਦੀ ਤੁਲਨਾ ਦੂਸਰਿਆਂ ਹੁਕਮਾਂ ਨਾਲ ਕਰੋ ( 1:44, 3:12) ਗਸਰੇਨੀ ਯਹੂਦੀ ਨਹੀਂ ਸਨ, ਉਨ੍ਹਾਂ ਨੂੰ ਮਸੀਹ ਦੇ ਆਉਣ ਦੀ ਆਸ ਨਹੀਂ ਸੀ। ਯਿਸੂ ਵੀ ਸ਼ਾਇਦ ਹੀ ਉੱਥੇ ਜਾਂਦੇ ਹੁੰਦੇ ਸਨ। ਇੱਥੇ ਉਨ੍ਹਾਂ ਨੂੰ ਇਸ ਗੱਲ ਖ਼ਤਰਾ ਨਹੀਂ ਸੀ ਕਿ ਭੀੜ ਉਨ੍ਹਾਂ ਦੀ ਸੇਵਾ ਨੂੰ ਰੋਕ ਸਕਦੀ ਹੈ। ਇਹ ਸ਼ਬਦ ਜੋ ਯਿਸੂ ਨੇ ਉਸਨੂੰ ਕਹੇ ਉਨ੍ਹਾਂ ਸਭਨਾਂ ਤੇ ਲਾਗੂ ਹੁੰਦੇ ਹਨ ਜਿੰਨ੍ਹਾਂ ਨੇ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੇ ਕੰਮ ਅਨੁਭਵ ਕੀਤੇ ਹਨ।

5:20 - ਦਿਕਾਪੁਲਿਸ ਇੱਕ ਯੂਨਾਨੀ ਸ਼ਬਦ ਹੈ ਜਿਸਦਾ ਅਰਥ ਹੈ -ਦਸ ਸ਼ਹਿਰ। ਗਰਸੇਨੀਆਂ ਦਾ ਖੇਤਰ ਦਿਕਾਪੁਲਿਸ ਦਾ ਇੱਕ ਹਿੱਸਾ ਸੀ।

5:21 - ਯਿਸੂ ਗ਼ਲੀਲ ਦੀ ਝੀਲ ਦੇ ਪੱਛਮੀ ਭਾਗ ਦੇ ਵੱਲ ਮੁੜੇ।

5:22-43 - ਮੱਤੀ 9:18-25 ਵਿੱਚ ਸੰਖੇਪ ਵਿੱਚ ਹੋਣ ਵਾਲੀ ਘਟਨਾ ਦਾ ਵਿਸਤਾਰਪੂਰਵਕ ਵਰਨਣ ਕੀਤਾ ਗਿਆ ਹੈ।

5:25 - ਆਇਤ 42

5:26 - ਉਸ ਸਮੇਂ ਦੇ ਡਾਕਟਰ ਅਤੇ ਦਵਾਈਆਂ ਉਸਨੂੰ ਠੀਕ ਨਹੀਂ ਕਰ ਸਕੇ।ਪਰ ਉਸਦੇ ਵਿਸ਼ਵਾਸ ਨਾਲ ਜੋ ਹੋਇਆ ਉਹ ਕਿਸੇ ਡਾਕਟਰ ਜਾਂ ਦਵਾਈਆਂ ਦੀ ਯੋਗਤਾ ਨਾਲੋਂ ਕਿਤੇ ਵੱਧ ਕੇ ਸੀ। ਤੁਲਨਾ ਕਰੋ ਕੂਚ 15:26, ਜਬੂਰ 103:3

5:30 - ਲੂਕਾ 8:46 ਜੋ ਲੋਕ ਯਿਸੂ ਤੇ ਵਿਸ਼ਵਾਸ ਕਰਦੇ ਹਨ, ਯਿਸੂ ਮਸੀਹ ਦੇ ਦੁਆਰਾ ਪਰਮੇਸ਼ੁਰ ਦੀ ਸ਼ਕਤੀ ਉਨ੍ਹਾਂ ਨੂੰ ਚੰਗਿਆਂ ਕਰ ਦਿੰਦੀ ਹੈ।ਯਿਸੂ ਨਹੀਂ ਚਾਹੁੰਦੇ ਸਨ ਉਹ ਇਸਤਰੀ ਆਪਣੇ ਵਿਸ਼ਵਾਸ ਨੂੰ ਪ੍ਰਗਟ ਨਾ ਕਰੇ।ਯਿਸੂ ਸਭ ਦੇ ਸਾਹਮਣੇ ਉਸਦੀ ਪ੍ਰਸ਼ੰਸਾ ਕਰਨੇ ਚਾਹੁੰਦੇ ਸਨ ਅਤੇ ਆਸ਼ਿਰਵਾਦ ਦੀ ਘੋਸ਼ਨਾ ਕਰਨਾ ਚਾਹੁੰਦੇ ਸਨ। (38)

5:34 - ਮੱਤੀ 9:22 ਯਿਸੂ ਦੇ ਆਉਣ ਦਾ ਕਾਰਨ ਸੀ ਲੋਕਾਂ ਦੇ ਮਨਾਂ ਵਿੱਚ ਸ਼ਾਂਤੀ ਦੇਣਾ ਸੀ (ਲੂਕਾ 2:14, ਯਹੂੰਨਾਂ 14:1, 27 ; 20:19)

5:35 - ਇਹ ਲੋਕ ਆਪਣੀ ਆਸ ਛੱਡ ਚੁੱਕੇ ਸਨ ਅਤੇ ਇਹ ਵੀ ਚਾਹੁੰਦੇ ਸਨ
ਜੈਰੁਸ ਵੀ
ਆਸ਼ਾਹੀਨ ਹੋ ਜਾਏ। ਉਹ ਇਹ ਨਹੀਂ ਜਾਣਦੇ ਸਨ ਕਿ ਮੌਤ
ਉੱਤੇ ਵੀ ਯਿਸੂ ਦਾ ਅਧਿਕਾਰ ਸੀ, ਜਿਸ ਪ੍ਰਕਾਰ ਬਿਮਾਰ ਨੂੰ ਚੰਗਾ ਕਰਨਾ ਯਿਸੂ ਲਈ ਸੰਭਵ ਸੀ ਉਸੇ ਤਰ੍ਹਾਂ ਮਰੇ ਨੂੰ ਜਿੰਦਾ ਕਰਨਾ ਵੀ ਸੀ।

5:36-ਵਿਸ਼ਵਾਸੀਆਂ ਲਈ ਇਹ ਸ਼ਬਦ ਹੈ ਜਿਸ ਨੂੰ ਉਹ ਆਪਣੇ ਜੀਵਨ ਭਰ ਯਾਦ ਰੱਖ ਸਕਦੇ ਹਨ।ਜੇਕਰ ਡਰ ਦਾ ਮੁਕਾਬਲਾ ਨਹੀਂ ਕੀਤਾ ਜਾਂਦਾ ਹੈ ਤਾਂ ਇਹ ਸਾਡੇ ਵਿਸ਼ਵਾਸ ਨੂੰ ਬਰਬਾਦ ਕਰ ਸਕਦਾ ਹੈ।ਜੇਕਰ ਅਸੀਂ ਵਿਸ਼ਵਾਸ ਵਿੱਚ ਬਣੇ ਰਹੀਏ ਤਾਂ ਇਹ ਸਾਡੇ ਡਰ ਨੂੰ ਦੂਰ ਕਰਦਾ ਹੈ।
5:39-40- ਮੱਤੀ 9:24
5:41-ਯਿਸੂ ਅਰਾਮੀ ਭਾਸ਼ਾ ਵਿੱਚ ਬੋਲਦੇ ਸਨ।ਅਰਾਮੀ ਉਸ ਸਮੇਂ ਬੋਲੀ ਜਾਣ ਵਾਲੀ ਇਬਰਾਨੀ ਭਾਸ਼ਾ ਦੀ ਤਰ੍ਹਾਂ ਹੈ

5:43-ਦੇਖੋਂ 1:44;7:36; ਮੱਤੀ 8:4

## ਅਧਿਆਏ-6

**ਯਿਸੂ** ਉੱਥੋਂ ਨਿੱਕਲ ਕੇ ਆਪਣੇ ਸ਼ਹਿਰ ਵਿੱਚ ਆਏ, ਅਤੇ ਉਸ ਦੇ ਚੇਲੇ ਉਸ ਦੇ
ਨਾਲ ਸਨ। 2 **ਸ਼ਬਤ** ਦੇ ਦਿਨ ਯਿਸੂ ਉਨ੍ਹਾਂ ਦੇ ਸਮਾਜ ਵਿਚ ਉਨ੍ਹਾਂ ਨੂੰ ਸਿਖਾਉਣ
ਲੱਗੇ। **ਉਨ੍ਹਾਂ** ਨੂੰ ਸੁਣ ਕੇ ਲੋਕ ਹੈਰਾਨੀ ਨਾਲ ਭਰ ਗਏ ਅਤੇ ਆਪਸ ਵਿੱਚ ਕਹਿਣ
ਲੱਗੇ, ਇਹ ਗਿਆਨ ਇਸ ਆਦਮੀ ਨੂੰ ਕਿਥੋਂ ਮਿਲਿਆ ਹੈ?"ਇਹ ਵੀ ਕਿ ਇਹ
ਕਿਹੋ ਜਿਹਾ ਗਿਆਨ ਹੈ ਕਿ ਉਨ੍ਹਾਂ ਦੇ ਦੁਆਰਾ ਚਮਤਕਾਰ ਹੁੰਦੇ ਹਨ? 3 **ਕੀ** ਇਹ
ਤਰਖਾਣ ਨਹੀਂ ਹੈ, ਜੋ ਮਰੀਅਮ ਦੇ ਪੁੱਤਰ, ਯਾਕੂਬ, ਯੋਸੇਸ, ਯਹੂਦਾਹ ਅਤੇ
ਸਮਊਨ ਦਾ ਭਰਾ ਹੈ? ਕੀ ਇਸ ਦੀਆਂ ਭੈਣਾਂ ਸਾਡੇ ਨਾਲ ਨਹੀਂ ਹਨ?ਇਸ ਤਰ੍ਹਾਂ
ਨਾਲ ਲੋਕਾਂ ਦੇ ਦਿਲਾਂ ਵਿੱਚ ਸ਼ਿਕਾਇਤ ਸੀ। 4 **ਪਰ** ਯਿਸੂ ਉਨ੍ਹਾਂ ਨੂੰ ਬੋਲੇ, "ਇੱਕ
ਨਬੀ ਆਪਣੇ ਜਨਮ ਸਥਾਨ, ਆਪਣੇ ਘਰ ਅਤੇ ਆਪਣੇ ਰਿਸ਼ਤੇਦਾਰਾਂ ਵਿੱਚ
ਬੇਇੱਜ਼ਤ ਹੁੰਦਾ ਹੈ।" 5 **ਕੁਝ** ਬੀਮਾਰਾਂ ਤੇ ਹੱਥ ਰੱਖਣ ਅਤੇ ਉਨ੍ਹਾਂ ਨੂੰ ਠੀਕ ਕਰਨ
ਤੋਂ ਬਿਨ੍ਹਾਂ ਯਿਸੂ ਕੋਈ ਵੱਡਾ ਕੰਮ ਉੱਥੇ ਨਾ ਕਰ ਸਕੇ। 6 **ਉਨ੍ਹਾਂ** ਦੇ ਅਵਿਸ਼ਵਾਸ
ਤੇ ਯਿਸੂ ਨੂੰ ਹੈਰਾਨੀ ਹੋਈ ਪਰ ਉਹ ਇੱਕ ਪਿੰਡ ਤੋਂ ਦੂਜੇ ਪਿੰਡ ਲੋਕਾਂ ਵਿੱਚ
ਸਿਖਾਉਂਦੇ ਗਏ। 7 **ਯਿਸੂ** ਬਾਰ੍ਹਾਂ ਨੂੰ ਸੱਦ ਕੇ ਦੋ-ਦੋ ਕਰਕੇ ਭੇਜਦੇ ਗਏ ਅਤੇ ਭੂਤ
ਪ੍ਰੇਤਾਂ ਦੇ ਉੱਤੇ ਅਧਿਕਾਰ ਦਿੱਤਾ। 8 **ਸਫ਼ਰ** ਵਿੱਚ ਜਾਂਦੇ ਸਮੇਂ ਉਨ੍ਹਾਂ ਨੇ ਇੱਕ
ਲਾਠੀ ਤੋਂ ਬਿਨ੍ਹਾਂ ਇੱਕ ਥੈਲ਼ਾ, ਰੋਟੀ ਅਤੇ ਪੈਸੇ ਆਦਿ ਲੈਣ ਤੋਂ ਮਨ੍ਹਾਂ ਕੀਤਾ। 9
**ਯਿਸੂ** ਨੇ ਚੱਪਲ ਪਾਉਣ ਲਈ ਕਿਹਾ ਪਰ ਇੱਕ ਤੋਂ ਜਿਆਦਾ ਕਮੀਜ਼ ਲੈਣ ਤੋਂ
ਮਨ੍ਹਾਂ ਕੀਤਾ। 10 **ਯਿਸੂ** ਨੇ ਉਨ੍ਹਾਂ ਨੂੰ ਕਿਹਾ, "ਜਦ ਕਦੇ ਤੁਸੀਂ ਕਿਸੇ ਘਰ ਵਿੱਚ
ਦਾਖਲ ਹੋਵੋ, ਜਗ੍ਹਾ ਛੱਡਣ ਤੱਕ ਉੱਥੇ ਰਹੋ। 11 **ਜੋ** ਕੋਈ ਤੁਹਾਨੂੰ ਨਾ ਸਵੀਕਾਰੇ ਜਾਂ
ਤੁਹਾਡੀ ਨਾ ਸੁਣੇ ਤਾਂ ਜਦ ਤੁਸੀ ਉਹ ਜਗ੍ਹਾ ਛੱਡੋ, ਉਨ੍ਹਾਂ ਦੇ ਵਿਰੁੱਧ ਇੱਕ ਗਵਾਹੀ
ਲਈ ਆਪਣੇ ਪੈਰਾਂ ਦੀ ਧੂਲ ਝਾੜ ਦਿਓ। 12 **ਉੱਥੋਂ** ਜਾਣ ਤੋਂ ਬਾਅਦ ਉਹ ਸਾਰੇ
ਘੋਸ਼ਣਾ ਕਰਨ ਲੱਗੇ ਕਿ ਸਭ ਨੂੰ ਮਨ ਫਿਰਾਉਣ ਦੀ ਜਰੂਰਤ ਹੈ। 13 **ਉਨ੍ਹਾਂ** ਨੇ
ਬਹੁਤ ਸਾਰੇ ਭੂਤਾਂ ਨੂੰ ਕੱਢਿਆ ਅਤੇ ਬੀਮਾਰ ਲੋਕਾਂ ਨੂੰ ਤੇਲ ਮਲ ਕੇ ਠੀਕ ਕਰ
ਦਿੱਤਾ। 14 **ਹੇਰੋਦੇਸ਼** ਰਾਜਾ ਨੇ ਯਿਸੂ ਦੇ ਬਾਰੇ ਸੁਣਿਆ ਸੀ, ਕਿਉਂਕਿ ਯਿਸੂ
ਮਸ਼ਹੂਰ ਹੋ ਚੁੱਕੇ ਸਨ।ਕੁਝ ਲੋਕਾਂ ਨੇ ਕਿਹਾ, "ਯਹੂੰਨਾ ਬਪਤਿਸਮਾ ਦੇਣ ਵਾਲਾ ਜੀ
ਉੱਠਿਆ ਹੈ ਇਸ ਲਈ ਉਹ ਅਚਰਜ ਕੰਮ ਕਰ ਰਿਹਾ ਹੈ।" 15 **ਦੂਜਿਆਂ** ਨੇ
ਕਿਹਾ, "ਇਹ ਏਲੀਆਹ ਹੈ" ਅਤੇ ਹੋਰਾਂ ਨੇ ਇਹ ਕਿ ਇਹ ਪੁਰਾਣੇ ਸਮੇਂ ਦੇ
ਨਬੀਆਂ ਦੀ ਤਰ੍ਹਾਂ ਹੀ ਹੈ।" 16 **ਹੇਰੋਦੇਸ** ਨੇ ਇਹ ਸੁਣ ਕੇ ਕਿਹਾ, "ਇਹ

ਯਹੂੰਨਾ ਬਪਤਿਸਮਾ ਦੇਣ ਵਾਲਾ ਹੀ ਹੈ ਜਿਸ ਦਾ ਮੈਂ ਸਿਰ ਕਟਵਾਇਆ ਸੀ ਉਹ
ਮੁਰਦਿਆਂ ਵਿੱਚੋਂ ਜੀ ਉੱਠਿਆ ਹੈ।" 17 ਇਸ ਲਈ ਕਿ ਆਪ ਹੇਰੋਦੇਸ ਨੇ
ਆਦਮੀ ਭੇਜ ਕੇ ਯਹੂੰਨਾ ਨੂੰ ਜੇਲ ਵਿੱਚ ਜੰਜ਼ੀਰਾਂ ਨਾਲ ਬਨਵਾ ਦਿੱਤਾ ਸੀ, ਇਹ ਸਭ
ਉਸਨੇ ਆਪਣੇ ਭਰਾ ਫਿਲਪੁਸ ਦੀ ਪਤਨੀ ਹੇਰੋਦਿਆਸ ਦੇ ਕਾਰਨ ਕੀਤਾ ਸੀ
ਕਿਉਂਕਿ ਹੇਰੋਦਸ ਨੇ ਉਸ ਨਾਲ ਵਿਆਹ ਕਰ ਲਿਆ ਸੀ। 18 **ਯਹੂੰਨਾ** ਨੇ
ਹੇਰੋਦੇਸ ਨੂੰ ਕਿਹਾ ਸੀ, "ਆਪਣੇ ਭਰਾ ਦੀ ਪਤਨੀ ਨੂੰ ਰੱਖਣਾ ਸਹੀ ਨਹੀਂ ਹੈ।"
19 **ਇਸ** ਕਾਰਨ ਹੇਰੋਦਿਆਸ ਉਸ ਨਾਲ ਨਫ਼ਰਤ ਕਰਦੀ ਸੀ ਅਤੇ ਉਸਨੂੰ ਜਾਨੋਂ
ਮਾਰਨਾ ਚਹੁੰਦੀ ਸੀ, ਪਰ ਉਹ ਇੰਝ ਕਰ ਨਾ ਸਕੀ। 20 **ਇਸ** ਲਈ ਕਿ ਯਹੂੰਨਾ
ਇਮਾਨਦਾਰ ਅਤੇ ਖਰਾ ਵਿਅਕਤੀ ਸੀ, ਹੇਰੋਦੇਸ ਨੇ ਡਰ ਦੇ ਮਾਰੇ ਉਸਨੂੰ ਬਚਾ
ਰੱਖਿਆ। ਭਾਵੇਂ ਕਿ ਹੇਰੋਦੇਸ ਬਹੁਤ ਖ਼ੁਸੀ ਨਾਲ ਉਸਦੀ ਸੁਣਦਾ ਸੀ, ਪਰ ਉਹ
ਵੱਡੀ ਦੁੱਬਧਾ ਵਿੱਚ ਵੀ ਸੀ। 21 **ਅੰਤ** ਵਿੱਚ ਇੱਕ ਮੋਕਾ ਆਇਆ ਜਦੋਂ ਹੇਰੋਦੇਸ
ਨੇ ਆਪਣੇ ਜਨਮਦਿਨ ਦੇ ਮੋਕੇ ਤੇ ਸ਼ਾਹੀ ਘਰਾਣੇ ਦੇ ਲੋਕ, ਫ਼ੋਜੀ ਅਫ਼ਸਰਾਂ ਅਤੇ
ਗਲ਼ੀਲ ਦੇ ਆਦਰ ਭਾਉ ਵਾਲੇ ਵਿਅਕਤੀਆਂ ਨੂੰ ਦਾਵਤ ਤੇ ਬੁਲਾਇਆ। 22
**ਜਦੋਂ** ਹੇਰੋਦਿਆਸ ਦੀ ਬੇਟੀ ਆਣ ਕੇ ਨੱਚੀ ਅਤੇ ਹੇਰੋਦੇਸ ਅਤੇ ਆਏ ਹੋਏ
ਮਹਿਮਾਨਾਂ ਨੂੰ ਖੁਸ਼ ਕਰ ਦਿੱਤਾ, ਤਾਂ ਰਾਜੇ ਨੇ ਉਸ ਕੁੜੀ ਨੂੰ ਕਿਹਾ, " ਤੂੰ ਜੋ ਕੁਝ
ਵੀ ਮੰਗੇਗੀ ਮੈਂ ਦੇ ਦੇਵਾਂਗਾ।" 23 **ਉਸ** ਨੇ ਕਸਮ ਖਾ ਕੇ ਵਚਨ ਦਿੱਤਾ ਅਤੇ
ਕਿਹਾ, "ਤੂੰ ਮੈਥੋਂ ਜੋ ਕੁਝ ਮੰਗੇਗੀ ਮੈਂ ਦੇਵਾਂਗਾ, ਇਥੋਂ ਤੱਕ ਕਿ ਅੱਧਾ ਰਾਜ ਵੀ।"
24 **ਬਾਹਰ** ਜਾ ਕੇ ਕੁੜੀ ਨੇ ਆਪਣੀ ਮਾਂ ਨੂੰ ਪੁੱਛਿਆ, "ਮੈਂ ਕੀ ਮੰਗਾਂ?" ਮਾਂ ਨੇ
ਕਿਹਾ, "ਯਹੂੰਨਾ ਬਪਤਿਸਮਾ ਦੇਣ ਵਾਲੇ ਦਾ ਸਿਰ।" 25 **ਉਸੇ** ਸਮੇਂ ਕੁੜੀ ਰਾਜਾ
ਕੋਲ ਭੱਜ ਕੇ ਗਈ ਤੇ ਬੋਲੀ, " ਮੈਨੂੰ ਯਹੂੰਨਾ ਬਪਤਿਸਮਾ ਦੇਣ ਵਾਲੇ ਦਾ ਸਿਰ
ਥਾਲੀ ਵਿੱਚ ਚਾਹੀਦਾ ਹੈ।" 26 **ਤਦ** ਰਾਜਾ ਨੂੰ ਬਹੁਤ ਦੁੱਖ ਹੋਇਆ, ਪਰ
ਕਿਉਂਕਿ ਉਹ ਵਚਨ ਦੇ ਚੁੱਕਿਆ ਸੀ ਅਤੇ ਬੈਠੇ ਲੋਕਾਂ ਨੂੰ ਵੀ ਸਭ ਪਤਾ ਸੀ, ਉਹ
ਆਪਣੇ ਵਚਨ ਤੋਂ ਮੁੱਕਰ ਨਾ ਸਕਿਆ। 27 **ਉਸੇ** ਸਮੇਂ ਰਾਜੇ ਨੇ ਸਿਪਾਹੀ ਨੂੰ
ਹੁਕਮ ਦਿੱਤਾ ਕਿ ਉਸਦਾ ਸਿਰ ਲਿਆਂਦਾ ਜਾਵੇ।ਜੇਲ ਵਿੱਚ ਜਾਕੇ ਸਿਪਾਹੀਆਂ ਨੇ
ਉਸਦਾ ਸਿਰ ਕੱਟਿਆ 28 **ਅਤੇ** ਥਾਲੀ ਵਿੱਚ ਰੱਖ ਕੇ ਕੁੜੀ ਨੂੰ ਦੇ ਦਿੱਤਾ।ਉਸ
ਕੁੜੀ ਨੇ ਸਿਰ ਆਪਣੀ ਮਾਂ ਨੂੰ ਦੇ ਦਿੱਤਾ। 29 **ਜਦ** ਉਹਦੇ ਚੇਲਿਆਂ ਨੇ ਇਹ ਸਭ
ਸੁਣਿਆ ਤਾਂ ਉਹ ਆਏ, ਉਸਦੀ ਲਾਸ਼ ਚੁੱਕੀ ਤੇ ਕਬਰ ਵਿੱਚ ਰੱਖ ਦਿੱਤੀ। 30
**ਚੇਲੇ** ਯਿਸੂ ਦੇ ਚਾਰੇ ਪਾਸੇ ਇੱਕਠੇ ਹੋਏ ਅਤੇ ਸਭ ਕੁਝ ਦੱਸ ਦਿੱਤਾ, ਉਹ ਸਭ ਜੋ
ਉਨ੍ਹਾਂ ਨੇ ਕੀਤਾ ਸੀ ਅਤੇ ਜੋ ਕੁਝ ਸਿਖਾਇਆ ਸੀ। 31 **ਲੋਕਾਂ** ਦਾ ਆਉਣਾ ਜਾਣਾ
ਲੱਗਾ ਹੋਇਆ ਸੀ, ਅਤੇ ਉਨ੍ਹਾਂ ਕੋਲ ਖਾਣ ਦਾ ਵੀ ਸਮਾਂ ਨਹੀਂ ਸੀ।ਯਿਸੂ ਨੇ ਉਨ੍ਹਾਂ
ਨੂੰ ਕਿਹਾ, ਸੁਨਸਾਨ ਜਗ੍ਹਾ ਜਾ ਕੇ ਥੋੜਾ ਆਰਾਮ ਕਰ ਲਵੋ।" 32 **ਅਤੇ** ਉਹ

ਸਾਰੇ ਇੱਕ ਬੇੜੀ ਵਿੱਚ ਬੈਠ ਕੇ ਸੁਨਸਾਨ ਜਗ੍ਹਾ ਤੇ ਚਲੇ ਗਏ। 33 **ਲੋਕਾਂ** ਨੇ ਉਨ੍ਹਾਂ
ਸਾਰਿਆਂ ਨੂੰ ਜਾਂਦਿਆ ਦੇਖਿਆ ਸੀ। ਬਹੁਤਿਆਂ ਨੇ ਯਿਸੂ ਨੂੰ ਪਹਿਚਾਣ ਲਿਆ ਅਤੇ
ਆਲੇ ਦੁਆਲੇ ਦੇ ਇਲਾਕਿਆਂ ਤੋਂ ਪੈਦਲ ਹੀ ਨਿਕਲ ਪਏ।ਉਹ ਯਿਸੂ ਤੋਂ ਪਹਿਲਾਂ
ਹੀ ਉੱਥੇ ਪਹੁੰਚੇ ਅਤੇ ਇਕੱਠੇ ਹੋ ਗਏ। 34 **ਬੇੜੀ** ਤੋਂ ਉੱਤਰਦਿਆਂ ਹੀ ਯਿਸੂ ਨੇ
ਇੱਕ ਵੱਡੀ ਭੀੜ ਨੂੰ ਵੇਖਿਆ। ਯਿਸੂ ਵੇਖਕੇ ਤਰਸ ਨਾਲ ਭਰ ਗਏ ਕਿਉਂਕਿ ਉਹ
ਇਸ ਤਰ੍ਹਾਂ ਦੀਆਂ ਭੇਡਾਂ ਦੇ ਵਾਂਗੂੰ ਸਨ, ਜਿਨ੍ਹਾਂ ਦਾ ਕੋਈ ਚਰਵਾਹਾ ਨਹੀਂ ਸੀ।ਯਿਸੂ
ਉਹਨਾਂ ਨੂੰ ਸਿਖਾਉਣ ਲੱਗੇ। 35 **ਜਦੋਂ** ਦਿਨ ਢਲ ਗਿਆ ਯਿਸੂ ਦੇ ਚੇਲੇ ਉਸ ਕੋਲ
ਆ ਕੇ ਕਹਿਣ ਲੱਗੇ, “ਇਹ ਸੁਨਸਾਨ ਜਗ੍ਹਾ ਹੈ ਅਤੇ ਬਹੁਤ ਦੇਰ ਹੋ ਚੁੱਕੀ ਹੈ।36
**ਇਹਨਾਂ** ਨੂੰ ਭੇਜ ਦਿਓ ਤਾਂਕਿ ਆਲੇ ਦੁਆਲੇ ਦੇ ਇਲਾਕਿਆਂ ਅਤੇ ਪਿੰਡਾਂ ਵਿੱਚ
ਜਾਕੇ ਆਪਣੇ ਲਈ ਰੋਟੀ ਖਰੀਦਣ, ਕਿਉਂਕਿ ਉਨ੍ਹਾਂ ਦੇ ਕੋਲ ਖਾਣ ਲਈ ਕੁਝ ਨਹੀਂ
ਸੀ। 37 **ਯਿਸੂ** ਨੇ ਕਿਹਾ, “ਤੁਸੀਂ ਆਪ ਹੀ ਉਨ੍ਹਾਂ ਨੂੰ ਕੁਝ ਖਾਣ ਲਈ ਦਿਓ।”
ਚੇਲਿਆਂ ਨੇ ਕਿਹਾ, “ਕੀ ਅਸੀਂ ਬਜ਼ਾਰ ਜਾਕੇ 200 ਚਾਂਦੀ ਦੇ ਸਿੱਕਿਆਂ ਦੀ ਰੋਟੀ
ਲਿਆ ਕੇ ਇਨ੍ਹਾਂ ਨੂੰ ਦਈਏ। 38 **ਯਿਸੂ** ਨੇ ਉਨ੍ਹਾਂ ਨੂੰ ਕਿਹਾ, “ਤੁਹਾਡੇ ਕੋਲ
ਕਿੰਨੀਆਂ ਰੋਟੀਆਂ ਹਨ? ਜਾਓ ਅਤੇ ਦੇਖੋਂ”, ਪਤਾ ਕਰਕੇ ਉਨ੍ਹਾਂ ਨੇ ਦੱਸਿਆ, (ਕਿ
ਇੱਕ ਮੁੰਡੇ ਕੋਲ ਸਿਰਫ਼) “ਪੰਜ ਰੋਟੀਆਂ ਤੇ ਦੋ ਮੱਛੀਆਂ ਹਨ।” 39 **ਤਦ** ਯਿਸੂ
ਨੇ ਉਨ੍ਹਾਂ ਨੂੰ ਆਗਿਆ ਦਿੱਤੀ ਕਿ ਸਾਰਿਆ ਨੂੰ ਘਾਹ ਤੇ ਕਤਾਰਾਂ ਵਿੱਚ ਬੈਠਾਇਆ
ਜਾਵੇ। 40 **ਉਹ** ਸੌ ਅਤੇ ਪੰਜਾਹ ਪੰਜਾਹ ਦੀਆਂ ਕਤਾਰਾਂ ਵਿੱਚ ਉੱਥੇ ਬੈਠ
ਗਏ।41 **ਤਦ** ਪੰਜ ਰੋਟੀਆਂ ਤੇ ਦੋ ਮੱਛੀਆਂ ਲੈ ਕੇ ਯਿਸੂ ਨੇ ਆਸਮਾਨ ਦੀ ਵੱਲ
ਵੇਖਦੇ ਹੋਏ ਰੋਟੀਆਂ ਤੇ ਪਰਮੇਸ਼ੁਰ ਤੋਂ ਬਰਕਤ ਮੰਗੀ ਅਤੇ ਤੋੜਦੇ ਹੋਏ ਚੇਲਿਆਂ ਨੂੰ
ਦਿੱਤੀਆਂ ਕਿ ਉਹ ਲੋਕਾਂ ਵਿੱਚ ਵੰਡ ਦੇਣ। 42 **ਉਹ** ਸਾਰੇ ਖਾ ਕੇ ਰੱਜ ਗਏ। 43
**ਖਾਣ** ਤੋਂ ਬਾਅਦ ਉਨ੍ਹਾਂ ਨੇ ਬਚੀਆਂ ਹੋਈਆਂ ਰੋਟੀਆਂ ਅਤੇ ਮੱਛੀਆਂ ਦੇ ਬਚੇ ਹੋਏ
ਟੁਕੜਿਆਂ ਦੇ ਬਾਰ੍ਹਾਂ ਟੋਕਰੇ ਚੁੱਕੇ । 44 **ਰੋਟੀ** ਖਾਣ ਵਾਲਿਆ ਦੀ ਗਿਣਤੀ
ਲਗਭਗ ਪੰਜ ਹਜ਼ਾਰ ਆਦਮੀਆਂ ਦੀ ਸੀ। 45 **ਉਸੇ** ਸਮੇਂ ਯਿਸੂ ਨੇ ਆਪਣੇ
ਚੇਲਿਆਂ ਨੂੰ ਬੇੜੀ ਵਿੱਚ ਬਿਠਾਇਆ ਤਾਂਕਿ ਉਹ ਉਸ ਪਾਰ ਬੈਦਸਦਾ ਪਹਿਲਾਂ ਪਹੁੰਚ
ਜਾਣ, ਅਤੇ ਇਸੇ ਵਿੱਚ ਯਿਸੂ ਨੇ ਲੋਕਾਂ ਨੂੰ ਵੀ ਵਿਦਾ ਕਰ ਦਿੱਤਾ। 46 **ਉਨ੍ਹਾਂ**
ਲੋਕਾਂ ਨੂੰ ਭੇਜ ਦੇਣ ਦੇ ਬਾਅਦ ਯਿਸੂ ਪਹਾੜ ਤੇ ਪ੍ਰਾਥਨਾਂ ਕਰਨ ਚਲੇ ਗਏ। 47
**ਸ਼ਾਮ** ਦੇ ਸਮੇਂ ਜਦ ਬੇੜੀ ਝੀਲ ਦੇ ਵਿੱਚ ਸੀ, ਸਿਰਫ਼ ਯਿਸੂ ਹੀ ਕਿਨਾਰੇ ਤੇ ਸੀ।
48 **ਇਸ** ਲਈ ਕਿ ਜੋਰ ਦੀ ਹਵਾ ਚੱਲ ਰਹੀ ਸੀ, ਯਿਸੂ ਨੇ ਉਨ੍ਹਾਂ ਨੂੰ ਹਵਾ ਦੇ
ਵਿਰੁੱਧ ਚੱਪੂ ਨਾਲ ਬਹੁਤ ਸੰਘਰਸ਼ ਕਰਦੇ ਦੇਖਿਆ।ਲਗਭਗ ਚਾਰ ਵਜੇ ਸਵੇਰੇ ਯਿਸੂ
ਝੀਲ ਉੱਤੇ ਚੱਲਦੇ ਹੋਏ ਉਨ੍ਹਾਂ ਕੋਲ ਆਏ।ਉਹ ਉਨ੍ਹਾਂ ਦੇ ਕੋਲੋਂ ਦੀ ਲੰਘ ਹੀ ਚੱਲੇ
ਸਨ। 49 **ਪਰ** ਜਦ ਉਨ੍ਹਾਂ ਨੇ ਯਿਸੂ ਨੂੰ ਝੀਲ ਤੇ ਚੱਲਦੇ ਦੇਖਿਆ ਤਾਂ ਉਸਨੂੰ ਭੂਤ

ਸਮਝ ਕੇ ਚਿੱਲਾ ਉੱਠੇ। 50 **ਉਹ** ਸਾਰੇ ਯਿਸੂ ਨੂੰ ਵੇਖ ਕੇ ਡਰ ਗਏ।ਉਸੇ ਸਮੇਂ ਯਿਸੂ ਬੋਲੇ, "ਹਿੰਮਤ ਰੱਖੋ, ਮੈਂ ਹਾਂ, ਡਰੋ ਨਹੀਂ।" 51 **ਉਨ੍ਹਾਂ** ਦੇ ਨਾਲ ਯਿਸੂ ਬੇੜੀ ਵਿੱਚ ਬੈਠ ਗਏ ਅਤੇ ਹਨੇਰੀ ਵੀ ਰੁੱਕ ਗਈ। ਆਪਣੇ ਮਨ ਹੀ ਮਨ ਉਹ ਬਹੁਤ ਜਿਆਦਾ ਹੈਰਾਨੀ ਨਾਲ ਭਰ ਗਏ। 52 **ਉਹ** ਰੋਟੀਆਂ ਦੇ ਅਚਰਜ ਕੰਮ ਨੂੰ ਨਾ ਸਮਝ ਪਾਏ ਕਿਉਂਕਿ ਉਨ੍ਹਾਂ ਦੇ ਮਨ ਕਠੋਰ ਸਨ। 53 **ਉਹ** ਝੀਲ ਪਾਰ ਕਰਕੇ ਗਨੇਸਰਤ ਦੀ ਧਰਤੀ ਉੱਤੇ ਆ ਗਏ ਉਹਨਾਂ ਨੇ ਬੇੜੀ ਨੂੰ ਕੰਢੇ ਨਾਲ ਬੰਨ੍ਹ ਦਿੱਤਾ। 54 **ਬੇੜੀ** ਦੇ ਬਾਹਰ ਆਉਦਿਆਂ ਹੀ ਲੋਕਾਂ ਨੇ ਝੱਟ ਯਿਸੂ ਨੂੰ ਪਹਿਚਾਣ ਲਿਆ। 55 **ਇਸ** ਲਈ ਲੋਕੀ ਉਸ ਇਲਾਕੇ ਵਿੱਚ ਦੌੜੇ ਜਿੱਥੇ ਉਹਨਾਂ ਸੁਣਿਆ ਕਿ ਯਿਸੂ ਉੱਥੇ ਹਨ ਲੋਕ ਆਲੇ ਦੁਆਲੇ ਦੇ ਇਲਾਕਿਆਂ ਤੋਂ ਆਪਣੇ ਬੀਮਾਰਾਂ ਨੂੰ ਮੰਜੀ ਤੇ ਲਿਟਾ ਕੇ ਲਿਆਏ। 56 **ਜਿੱਥੇ** ਕਿਤੇ ਯਿਸੂ ਗਏ, ਪਿੰਡ, ਸ਼ਹਿਰ ਜਾਂ ਬਸਤੀ, ਲੋਕ ਆਪਣੇ ਬੀਮਾਰਾਂ ਨੂੰ ਲਿਆ ਕੇ ਉਨ੍ਹਾਂ ਨੂੰ ਬੇਨਤੀ ਕਰਦੇ ਸੀ ਕਿ ਯਿਸੂ ਆਪਣੇ ਕੱਪੜੇ ਦਾ ਪੱਲਾ ਛੂਹ ਲੈਣ ਦੇਣ ਜਿਨ੍ਹਿਆਂ ਨੇ ਵੀ ਓਸਨੂੰ ਛੂਹਿਆ ਉਹ ਚੰਗੇ ਹੋ ਗਏ।

---

ਅਧਿਐਨ

**6:1-5 -** ਮੱਤੀ 13:44-48।ਯਿਸੂ ਨਾਸਰਤ ਦੇ ਨਿਵਾਸੀ ਸਨ।

**6:5 -** ਜੋ ਕੁਝ ਭਲਾ ਕੰਮ ਯਿਸੂ ਮਸੀਹ ਕਰਨਾ ਚਾਹੁੰਦੇ ਹਨ, ਇਨਸਾਨ ਦਾ ਅਵਿਸ਼ਵਾਸ ਉਸ ਸਭ ਨੂੰ ਨਾਸ਼ ਕਰ ਦਿੰਦਾ ਹੈ। ਕਮੀ ਯਿਸੂ ਵਿੱਚ ਨਹੀਂ, ਲੋਕਾਂ ਵਿੱਚ ਹੈ।ਪਰਮੇਸ਼ੁਰ ਨੇ ਵਿਸ਼ਵਾਸ ਦੇ ਤਰੀਕੇ ਨੂੰ ਇਸ ਲਈ ਬਣਾਇਆ ਹੈ ਤਾਂਕਿ ਇਨਸਾਨ ਖਾਸ ਆਸ਼ੀਰਵਾਦ ਪਾ ਸਕਣ।(4:23; ਮੱਤੀ 9:22-29; 21:21,22; ਯਹੂੰਨਾ 11:40) ਜ਼ਬੂਰ 78:41 ਦੇ ਨੋਟਸ ਦੇਖੋ।

**6:6 -** "ਸ਼ੱਕ" ਮੱਤੀ 8:10 ਨਾਲ ਤੁਲਨਾ ਕਰੋ।

**6:7-11 -** ਮੱਤੀ 10:1, 9-14

**6:12 -** ਦੇਖੋ ਕਿ ਮਨ ਦੀ ਤਬਦੀਲੀ ਦਾ ਸਿਧਾਂਤ-ਉਸਦੇ ਸੰਦੇਸ਼ ਦਾ ਖਾਸ ਭਾਗ ਸੀ।ਮੱਤੀ 3:2; 4:17 ਦੇ ਨੋਟਸ ਦੇਖੋ।

**6:13 -** ਯਾਕੂਬ 5:14

**6:14 -** ਮੱਤੀ 14:1-12

**6:15 - 'ਏਲੀਆਹ'**-ਗਲਾ 4:5; ਮੱਤੀ 11:14; 17:10; ਯਹੂੰਨਾ 1:19-23

6:20 - ਹੇਰੋਦੇਸ ਇੱਕ ਕਮਜ਼ੋਰ ਵਿਅਕਤੀ ਸੀ ਅਤੇ ਨਹੀਂ ਜਾਣਦਾ ਸੀ ਕਿ ਜਿਸ ਵਿਅਕਤੀ ਦਾ ਉਹ ਸ਼ਨਮਾਨ ਕਰਦਾ ਸੀ, ਉਸਦੇ ਨਾਲ ਕੀ ਕਰੇ।
6:37 - "200 **ਚਾਂਦੀ ਦੇ ਸਿੱਕੇ**" ਯੂਨਾਨੀ ਭਾਸ਼ਾ ਵਿੱਚ 200 ਦੀਨਾਰ, ਇੱਕ ਦੀਨਾਰ ਇੱਕ ਮਜ਼ਦੂਰ ਦੀ ਇੱਕ ਦਿਨ ਦੀ ਮਜ਼ਦੂਰੀ ਸੀ (ਮੱਤੀ 20:22)
6:30 - ਇਹ 7-13 ਵਿੱਚ ਦੁਬਾਰਾ ਵੇਖਦੇ ਹਾਂ
6:30-34 - ਮੱਤੀ 9:36
6:45-46 - ਮੱਤੀ 14:22-36

## ਅਧਿਆਏ-7

ਫਿਰ ਫ਼ਰੀਸੀ ਅਤੇ ਧਰਮ ਗ੍ਰੰਥੀ ਲੋਕ ਜੋ ਯਰੂਸ਼ਲਮ ਤੋਂ ਆਏ ਸਨ, ਯਿਸੂ ਦੇ ਚੁਫੇਰੇ
ਇਕੱਠੇ ਹੋ ਗਏ। 2 **ਜਦੋਂ** ਉਨ੍ਹਾਂ ਨੇ ਕੁਝ ਚੇਲਿਆਂ ਨੂੰ ਬਿਨਾਂ ਹੱਥ ਧੋਤੇ ਖਾਂਦਿਆਂ
ਦੇਖਿਆ, ਤਾਂ ਨੁਕਤਾਚੀਨੀ ਕੀਤੀ। 3 **ਇਸ** ਲਈ ਕਿ ਫਰੀਸੀ ਅਤੇ ਯਹੂਦੀ
ਬਜ਼ੁਰਗਾ ਦੀ ਰੀਤ ਦੇ ਅਨੁਸਾਰ ਜਦ ਤੱਕ ਹੱਥ ਨਹੀਂ ਧੋਂਦੇ ਸਨ, ਖਾਣਾ ਵੀ ਨਹੀਂ
ਖਾਂਦੇ ਸਨ। 4 **ਬਾਜ਼ਾਰ** ਤੋਂ ਘਰ ਵਾਪਿਸ ਆਉਣ ਤੇ ਉਹ ਬਿਨਾਂ ਹੱਥ ਧੋਏ ਖਾਣਾ
ਨਹੀਂ ਖਾਂਦੇ ਸਨ। ਹੋਰ ਵੀ ਕਈ ਤਰ੍ਹਾਂ ਦੀ ਰੀਤਾਂ ਉਨ੍ਹਾਂ ਦੇ ਵਿੱਚ ਸਨ ਜਿਵੇਂ ਕਿ
ਪਿਆਲੇ, ਬਰਤਨ, ਤਾਂਬੇ ਦੇ ਬਰਤਨ ਅਤੇ ਮੇਜਾਂ ਨੂੰ ਧੋਣਾ। 5 **ਫਿਰ** ਫਰੀਸੀ ਅਤੇ
ਧਰਮ ਗ੍ਰੰਥੀਆਂ ਨੇ ਯਿਸੂ ਤੋਂ ਪੁੱਛਿਆ, "ਤੁਹਾਡੇ ਚੇਲੇ ਬਜ਼ੁਰਗਾਂ ਦੀ ਰੀਤ ਦੇ
ਅਨੁਸਾਰ ਕਿਉਂ ਨਹੀਂ ਚੱਲਦੇ, ਪਰ ਬਿਨਾਂ ਹੱਥ ਧੋਤੇ ਖਾਣਾ ਖਾਂਦੇ ਹਨ?" 6 **ਯਿਸੂ**
ਨੇ ਉੱਤਰ ਦਿੱਤਾ, "**ਕਪਟੀਓ** ਯਸਾਯਾਹ ਨੇ ਤੁਹਾਡੇ ਬਾਰੇ ਵਿੱਚ ਸਹੀ ਭਵਿੱਖਬਾਣੀ
ਕੀਤੀ ਹੈ।'ਇਹ ਲੋਕ ਕੇਵਲ ਬੁੱਲਾਂ ਨਾਲ ਮੇਰਾ ਆਦਰ ਕਰਦੇ ਹਨ, ਪਰ ਇਨ੍ਹਾਂ ਦਾ
ਮਨ ਮੇਰੇ ਤੋਂ ਦੂਰ ਰਹਿੰਦਾ ਹੈ। 7 **ਵਿਅਰਥ** ਹੀ ਇਹ ਮੇਰੀ ਅਰਾਧਨਾ ਕਰਦੇ
ਹਨ, ਇਹ ਮਨੁੱਖਾਂ ਦੀਆਂ ਆਗਿਆਵਾਂ ਨੂੰ ਈਸ਼ਵਰੀ ਸਿਧਾਂਤ ਦੇ ਰੂਪ ਵਿੱਚ ਪੇਸ਼
ਕਰਦੇ ਹਨ।' 8 **ਪਰਮੇਸ਼ੁਰ** ਦੀ ਆਗਿਆ ਨੂੰ ਠੁਕਰਾ ਕੇ ਤੁਸੀਂ ਇਨਸਾਨ ਦੀ
ਬਣਾਈ ਪ੍ਰਥਾ ਜਿਵੇਂ ਕਿ ਪਿਲਾਇਆਂ ਅਤੇ ਬਰਤਨਾਂ ਨੂੰ ਧੋਣ ਦਾ ਜਿਆਦਾ ਖਿਆਲ
ਰੱਖਦੇ ਹੋ, ਇਸੇ ਤਰ੍ਹਾਂ ਹੋਰ ਵੀ ਕਈ ਚੀਜ਼ਾਂ ਤੁਸੀਂ ਕਰਦੇ ਹੋ। 9 **ਯਿਸੂ** ਨੇ ਉਨ੍ਹਾਂ ਨੂੰ
ਕਿਹਾ, " ਕਿੰਨੇ ਸੋਹਣੇ ਤਰੀਕੇ ਨਾਲ ਆਪਣੀਆਂ ਰੀਤਾਂ ਅਤੇ ਵਿਧੀਆਂ ਨੂੰ ਪੂਰਾ
ਕਰਨ ਦੇ ਲਈ ਤੁਸੀਂ ਪਰਮੇਸ਼ੁਰ ਦੀਆਂ ਆਗਿਆਵਾਂ ਨੂੰ ਟਾਲ ਦਿੰਦੇ ਹੋ। 10 **ਇਸ**
ਲਈ ਮੂਸਾ ਨੇ ਕਿਹਾ ਹੈ, 'ਆਪਣੇ ਮਾਂ-ਬਾਪ ਦਾ ਆਦਰ ਕਰਨਾ ਅਤੇ ਹਰ ਇੱਕ

ਵਿਅਕਤੀ ਜੋ ਆਪਣੇ ਮਾਂ-ਬਾਪ ਦਾ ਬੁਰਾ ਚਾਹੇ, ਉਸਨੂੰ ਮੌਤ ਦੀ ਸਜ਼ਾ ਦਿੱਤੀ ਜਾਣੀ
ਚਾਹੀਦੀ ਹੈ।' 11 **ਪਰ** ਤੁਸੀਂ ਕਹਿੰਦੇ ਹੋ ਕਿ ਜੇਕਰ ਕੋਈ ਵਿਅਕਤੀ ਆਪਣੇ ਮਾਂ-
ਬਾਪ ਨੂੰ ਕਹੇ, 'ਮੇਰਾ ਜੋ ਕੁਝ ਵੀ ਹੈ, ਜੋ ਤੁਹਾਡੇ ਕੰਮ ਆ ਸਕਦਾ ਹੈ, ਕੁਰਬਾਨ
(ਪਰਮੇਸ਼ੁਰ ਦੇ ਅਰਪਣ) ਹੋ ਚੁੱਕਾ ਹੈ, ਇਸ ਪ੍ਰਕਾਰ ਕਹਿਣਾ ਠੀਕ ਹੈ। 12 **ਇਸ**
ਤਰ੍ਹਾਂ ਤੁਸੀਂ ਉਸਨੂੰ ਉਸਦੇ ਮਾਂ-ਬਾਪ ਦੇ ਲਈ ਕੁਝ ਨਹੀਂ ਕਰਨ ਦਿੰਦੇ। 13 **ਇਸ**
ਤਰ੍ਹਾਂ ਆਪਣੀ ਪ੍ਰਥਾ ਨਾਲ ਜੋ ਤੁਸੀਂ ਬਣਾਈ ਹੈ, ਮੰਨਣ ਦੇ ਦੁਆਰਾ ਪਰਮੇਸ਼ੁਰ ਦੀ
ਆਗਿਆ ਨੂੰ ਟਾਲ ਦਿੰਦੇ ਹੋ, ਇਸ ਪ੍ਰਕਾਰ ਦੇ ਬਹੁਤ ਸਾਰੇ ਕੰਮ ਤੁਸੀਂ ਕਰਦੇ ਹੋ।
14 **ਪੂਰੀ** ਭੀੜ ਨੂੰ ਯਿਸੂ ਨੇ ਕਿਹਾ, "ਹਰ ਇੱਕ ਜਨ ਮੇਰੀ ਗੱਲ ਸੁਣੇ ਅਤੇ ਉਸਨੂੰ
ਸਮਝੇ।" 15 **ਬਾਹਰ** ਤੋਂ ਆਦਮੀ ਦੇ ਅੰਦਰ ਜਾਣ ਵਾਲੀ ਕੋਈ ਚੀਜ਼ ਆਦਮੀ ਨੂੰ
ਅਸ਼ੁੱਧ ਨਹੀਂ ਕਰਦੀ, ਪਰ ਜੋ ਚੀਜ਼ਾਂ ਆਦਮੀ ਦੇ ਅੰਦਰੋਂ ਨਿੱਕਲਦੀਆਂ ਹਨ, ਉਹ
ਹੀ ਉਸਨੂੰ ਅਸ਼ੁੱਧ ਕਰਦੀਆਂ ਹਨ। 16 **ਜੇਕਰ** ਕਿਸੇ ਦੇ ਕੋਲ ਸੁਣਨ ਵਾਲੇ ਕੰਨ
ਹੋਣ , ਉਹ ਸੁਣੇ। 17 **ਜਦ** ਯਿਸੂ ਲੋਕਾਂ ਨੂੰ ਛੱਡ ਕੇ ਘਰ ਆਏ, ਉਸਦੇ ਚੇਲਿਆਂ
ਨੇ ਦ੍ਰਿਸ਼ਟਾਂਤ ਦੇ ਬਾਰੇ ਉਸ ਤੋਂ ਪੁੱਛਿਆ। 18 **ਯਿਸੂ** ਨੇ ਉਨ੍ਹਾਂ ਨੂੰ ਕਿਹਾ, "ਕੀ
ਤੁਹਾਡੇ ਕੋਲ ਵੀ ਸਮਝ ਦੀ ਕਮੀ ਹੈ? ਕੀ ਤੁਸੀਂ ਦੇਖ ਨਹੀਂ ਸਕਦੇ ਕਿ ਜੋ ਆਦਮੀ
ਦੇ ਅੰਦਰ ਜਾਂਦਾ ਹੈ, ਉਹ ਉਸਨੂੰ ਅਸ਼ੁੱਧ ਨਹੀਂ ਕਰ ਸਕਦਾ ਹੈ (ਇਹ ਕਹਿ ਕੇ
ਯਿਸੂ ਨੇ ਸਾਰੀਆਂ ਖਾਣ ਵਾਲੀਆਂ ਵਸਤੂਆਂ ਨੂੰ ਸ਼ੁੱਧ ਠਹਿਰਾਇਆ)। 19 **ਇਸ**
ਲਈ ਕਿ ਇਹ ਸਭ ਕੁਝ ਉਸਦੇ ਮਨ ਵਿੱਚ ਨਹੀਂ ਜਾਂਦਾ ਹੈ, ਪੇਟ ਵਿੱਚ ਜਾ ਕੇ
ਸ਼ਰੀਰ ਤੋਂ ਬਾਹਰ ਨਿੱਕਲ ਜਾਂਦਾ ਹੈ। 20 **ਯਿਸੂ** ਨੇ ਕਿਹਾ, ਜੋ ਕੁਝ ਇਨਸਾਨ ਦੇ
ਮਨ ਵਿੱਚੋਂ ਆਉਂਦਾ ਹੈ ਉਹ ਉਸਨੂੰ ਅਸ਼ੁੱਧ ਕਰਦਾ ਹੈ। 21 **ਇਸ** ਲਈ ਕਿ
ਇਨਸਾਨ ਦੇ ਅੰਦਰ ਗੰਦੇ ਖਿਆਲ, ਵਿਭਚਾਰ, ਚੋਰੀ, ਕਤਲ, ਹਰਾਮਕਾਰੀ 22
**ਲੋਭ**, ਦੁਸ਼ਟਤਾ, ਧੋਖਾ, ਅਵਾਰਾਪਨ, ਬੁਰੀ ਨਜ਼ਰ, ਨਿੰਦਾ, ਘਮੰਡ ਅਤੇ ਮੂਰਖਤਾ
23 **ਇਹ** ਸਭ ਗੱਲਾਂ ਮਨ ਤੋਂ ਹੀ ਨਿੱਕਲੀਆਂ ਹਨ ਅਤੇ ਇਨਸਾਨ ਨੂੰ ਅਸ਼ੁੱਧ
ਕਰਦੀਆਂ ਹਨ। 24 **ਉਸ** ਜਗ੍ਹਾ ਤੋਂ ਉੱਠ ਕੇ ਯਿਸੂ ਸੂਰ ਅਤੇ ਸੈਦਾ ਦੀ ਸੀਮਾ
ਤੱਕ ਪਹੁੰਚੇ, ਉੱਥੇ ਇੱਕ ਘਰ ਦੇ ਅੰਦਰ ਗਏ, ਅਤੇ ਨਹੀਂ ਚਾਹੁੰਦੇ ਸਨ ਕਿ ਕੋਈ
ਇਸ ਗੱਲ ਨੂੰ ਜਾਣੇ, ਪਰ ਲੋਕ ਜਾਣ ਹੀ ਗਏ। 25 **ਇੱਕ** ਔਰਤ ਜਿਸਦੀ ਬੇਟੀ ਨੂੰ
ਭੂਤ ਚੰਬੜਿਆ ਸੀ, ਯਿਸੂ ਦੇ ਬਾਰੇ ਸੁਣ ਕੇ ਆਈ ਅਤੇ ਉਸਦੇ ਪੈਰਾਂ ਤੇ ਡਿੱਗ
ਪਈ। 26 **ਉਹ** ਯੂਨਾਨੀ ਅਤੇ ਸਰੂਫਿਨੀਕੀਆ ਜਾਤ ਦੀ ਸੀ। ਉਸਨੇ ਬੇਨਤੀ
ਕੀਤੀ ਕਿ ਉਹ ਉਸਦੀ ਬੇਟੀ ਵਿੱਚੋਂ ਭੂਤ ਨੂੰ ਕੱਢ ਦੇਵੇ। 27 **ਪਰ** ਯਿਸੂ ਨੇ ਕਿਹਾ,
"ਪਹਿਲਾਂ ਬੱਚਿਆਂ ਨੂੰ ਸੰਤੁਸ਼ਟ ਹੋ ਲੈਣ ਦੇ, ਇਹ ਸਹੀ ਨਹੀਂ ਕਿ ਬੱਚਿਆਂ ਦਾ
ਭੋਜਨ ਕੁੱਤਿਆਂ ਨੂੰ ਦਿੱਤਾ ਜਾਵੇ।" 28 **ਔਰਤ** ਨੇ ਉੱਤਰ ਵਿੱਚ ਕਿਹਾ, " ਹਾਂ
ਪ੍ਰਭੂ, ਪਰ ਕੁੱਤੇ ਵੀ ਮੇਜ਼ ਤੋਂ ਡਿੱਗੇ ਚੂਰੇ ਭੂਰੇ ਖਾਂਦੇ ਹਨ।" 29 **ਅਤੇ** ਯਿਸੂ ਨੇ

ਓਸਨੂੰ ਕਿਹਾ, “ ਇਸ ਗੱਲ ਦੇ ਕਾਰਨ ਆਪਣੇ ਘਰ ਚਲੀ ਜਾ, ਤੇਰੀ ਬੇਟੀ ਵਿੱਚੋਂ
ਭੂਤ ਨਿੱਕਲ ਚੁੱਕਾ ਹੈ।” 30 **ਘਰ** ਪਹੁੰਚਣ ਤੇ ਉਸਨੇ ਆਪਣੀ ਬੇਟੀ ਨੂੰ ਬਿਸਤਰ
ਤੇ ਲੇਟੇ ਹੋਏ ਦੇਖਿਆ, ਜਿਸ ਵਿੱਚੋਂ ਭੂਤ ਨਿੱਕਲ ਚੁੱਕਾ ਸੀ। 31 **ਸੂਰ** ਸੈਦਾ ਤੋਂ
ਨਿੱਕਲ ਕੇ ਦਿਕਾਪੁਲਿਸ ਦੇ ਵਿੱਚੋਂ ਦੀ ਗੁਜਰਦੇ ਹੋਏ ਯਿਸੂ ਫਿਰ ਗਲੀਲ਼ ਦੀ ਝੀਲ
ਤੱਕ ਪਹੁੰਚੇ। 32 **ਉੱਥੇ** ਕੁਝ ਲੋਕੀ ਇੱਕ ਆਦਮੀ ਨੂੰ ਜੋ ਬਹਿਰਾ ਅਤੇ ਗੁੰਗਾ ਸੀ
ਯਿਸੂ ਦੇ ਕੋਲ ਲਿਆਏ ਅਤੇ ਬੇਨਤੀ ਕਰ ਕੇ ਕਿਹਾ ਕਿ ਉਹ ਆਪਣਾ ਹੱਥ ਉਸ
ਉੱਤੇ ਰੱਖੇ। 33 **ਯਿਸੂ** ਉਸ ਆਦਮੀ ਨੂੰ ਲੋਕਾਂ ਤੋਂ ਵੱਖਰਾ ਸੁਨਸਾਨ ਵਿੱਚ ਲੈ ਗਏ
ਅਤੇ ਆਪਣੀਆਂ ਉਂਗਲਾ ਉਸਦੇ ਕੰਨਾਂ ਵਿੱਚ ਪਾਈਆਂ।ਫਿਰ ਉਸਨੇ ਥੁੱਕ ਕੇ
ਉਸਦੀ ਜੀਭ ਨੂੰ ਛੂਹਿਆ। 34 **ਫਿਰ** ਯਿਸੂ ਨੇ ਆਸਮਾਨ ਦੇ ਵੱਲ ਦੇਖਿਆ ਅਤੇ
ਇਕ ਹਉਕਾ ਭਰ ਕੇ ਕਿਹਾ, “ਏਫਥਾ” (ਜਿਸਦਾ ਮਤਲਬ ਹੈ “ਖੁੱਲ ਜਾ”) 35
**ਉਸੇ** ਵੇਲੇ ਉਸ ਆਦਮੀ ਦੇ ਕੰਨ ਠੀਕ ਹੋ ਗਏ ਅਤੇ ਉਸਦਾ ਗੁੰਗਾਪਨ ਵੀ ਦੂਰ ਹੋ
ਗਿਆ ਅਤੇ ਉਹ ਸਾਫ਼ ਸਾਫ਼ ਬੋਲਣ ਲੱਗਾ। 36 **ਯਿਸੂ** ਨੇ ਉਸਨੂੰ ਆਗਿਆ ਦਿੱਤੀ
ਕਿ ਉਹ ਕਿਸੇ ਨੂੰ ਨਾ ਦੱਸੇ ਪਰੰਤੂ ਜਿੰਨਾ ਯਿਸੂ ਨੇ ਉਸ ਨੂੰ ਮਨਾ ਕੀਤਾ ਉਸਨੇ ਉੱਨੀ
ਜਿਆਦਾ ਚਰਚਾ ਲੋਕਾਂ ਦੇ ਵਿੱਚ ਕੀਤੀ। 37 **ਲੋਕਾਂ** ਦੀ ਹੈਰਾਨੀ ਦੀ ਕੋਈ ਸੀਮਾ
ਨਾ ਰਹੀ ਅਤੇ ਉਹ ਬੋਲ ਉੱਠੇ, “ਯਿਸੂ ਸਭ ਕੁਝ ਠੀਕ ਕਰ ਦਿੰਦੇ ਹਨ, ਇੱਥੋਂ
ਤੱਕ ਕਿ ਬਹਿਰੇ ਸੁਣਨ ਅਤੇ ਗੁੰਗੇ ਬੋਲਣ ਲੱਗ ਪਏ ਹਨ।

---

ਅਧਿਐਨ

7:1-23 - ਮੱਤੀ 15:1-20
7:19 - “ਸ਼ਰੀਰ ਤੋਂ ਬਾਹਰ ਨਿੱਕਲਣਾ” ਦੇਖੋ 10:9-16। ਪੁਰਾਣੇ ਨਿਯਮ ਦੇ ਸ਼ੁੱਧ ਅਤੇ ਅਸ਼ੁੱਧ ਭੋਜਨ ਆਤਮਿਕ ਸੱਚਾਈ ਸਿਖਾਉਂਦੇ ਸਨ। ਸਮਾਂ ਆ ਚੁੱਕਾ ਸੀ ਕਿ ਸ਼ਬਦਾਂ ਦੇ ਅਰਥਾਂ ਨੂੰ ਛੱਡ ਕੇ ਆਤਮਿਕ ਸਿੱਖਿਆ ਹਾਸਿਲ ਕੀਤੀ ਜਾਏ। ਲੇਵੀਆਂ 11 ਦੇ ਨੋਟਸ ਦੇਖੋ।

7:24-30 - ਮੱਤੀ 15:21-28 ਦੇਖੋ।ਸੀਰੀਅਨ ਫਿਨੀਸੀਆ ਇੱਕ ਪੱਟੀ ਸੀ ਜੋ ਥੋੜੀ ਜਹੀ ਇਸਰਾਏਲ ਦੀ ਵੱਲ ਭੂ ਮੱਧ ਸਾਗਰ ਦੇ ਨਾਲ-ਨਾਲ ਸੀ। ਉਸ ਸਮੇਂ ਇਹ ਸੀਰੀਆ ਦੇ ਅਧੀਨ ਸੀ। ਉੱਥੋਂ ਦੇ ਵਾਸੀਆਂ ਨੂੰ ਕਨਾਨੀ ਕਿਹਾ ਜਾਂਦਾ ਸੀ।

7:29 - **ਇਸ** ਔਰਤ ਦਾ ਉੱਤਰ ਯਿਸੂ ਉੱਤੇ ਵਿਸ਼ਵਾਸ ਦੇ ਆਧਾਰ ਤੇ ਸੀ (ਮੱਤੀ 15:28)

**7:31 –** ਸੈਦਾ ਇੱਕ ਜ਼ਰੂਰੀ ਸ਼ਹਿਰ ਸੀ ਜੋ ਸੂਰ ਦੇ ਉੱਤਰ ਵਿੱਚ 40 ਕਿਲੋਮੀਟਰ ਦੀ ਦੂਰੀ ਤੇ ਸ਼ਥਿਤ ਸੀ। ਯਿਸੂ ਦਾ ਉੱਤਰ ਦੇ ਵੱਲ ਜਾਣ ਦਾ ਅਤੇ ਦੱਖਣ ਪੂਰਬ ਦਿਕਾਪੁਲਿਸ ਜਾਣ ਦਾ ਕਾਰਨ ਨਹੀਂ ਦਿੱਤਾ ਗਿਆ ਹੈ। ਪਰ ਇਹ ਜਾਣ ਕੇ ਕਿ ਯਿਸੂ ਕੌਣ ਹਨ ਅਸੀਂ ਸਮਝ ਸਕਦੇ ਹਾਂ ਕਿ ਇਹ ਕਿਸੇ ਦੀ ਸਹਾਇਤਾ ਕਰਨ ਅਤੇ ਕਿਸੇ ਨੂੰ ਬਰਕਤ ਦੇਣ ਦੇ ਲਈ ਸੀ।

**"ਦਿਕਾਪੁਲਿਸ"**- 5:20

**7:33 –** 8:33 ਅਤੇ ਯਹੂੰਨਾਂ 9:6 ਦੇਖੋ।

**7:34** – ਲੋਕਾਂ ਦੀ ਪੀੜ ਨਾਲ ਯਿਸੂ ਨੂੰ ਦੁੱਖ ਹੁੰਦਾ ਸੀ (ਮੱਤੀ 8:19, ਯਸਾ 63:9)।ਤੁਲਨਾ ਕਰੋ। ਏਫਥਾ ਸ਼ਬਦ ਆਰਾਮੀ ਭਾਸ਼ਾ ਦਾ ਹੈ।(5:41) 7:36 ਦੇਖੋ 1:44; ਮੱਤੀ 8:4

## ਅਧਿਆਏ-8

**ਹੁਣ** ਤੱਕ ਭੀੜ ਵੱਧ ਚੁੱਕੀ ਸੀ ਅਤੇ ਉਨ੍ਹਾਂ ਦੇ ਖਾਣ ਲਈ ਕੁਝ ਨਹੀਂ ਸੀ, ਉਸੇ ਸਮੇਂ ਯਿਸੂ ਨੇ ਆਪਣੇ ਚੇਲਿਆਂ ਨੂੰ ਬੁਲਾ ਕੇ ਕਿਹਾ, 2 "**ਇਸ ਲਈ** ਕਿ ਲੋਕ ਮੇਰੇ ਨਾਲ ਤਿੰਨ ਦਿਨ ਤੋਂ ਹਨ ਅਤੇ ਇਨ੍ਹਾਂ ਕੋਲ ਖਾਣ ਲਈ ਕੁਝ ਨਹੀਂ ਹੈ, ਮੈਨੂੰ ਇਨ੍ਹਾਂ ਉੱਤੇ ਬੜੀ ਦਯਾ ਆ ਰਹੀ ਹੈ। 3 **ਜੇਕਰ** ਮੈਂ ਇਨ੍ਹਾਂ ਨੂੰ ਖਾਲੀ ਪੇਟ ਘਰ ਭੇਜ ਦੇਵਾਂ, ਤਾਂ ਇਹ ਲੋਕ ਰਸਤੇ ਵਿੱਚ ਹੀ ਬੇਹੋਸ਼ ਹੋ ਕੇ ਡਿੱਗ ਜਾਣਗੇ, ਕਿਉਂਕਿ ਇਨ੍ਹਾਂ ਵਿੱਚੋਂ ਬਹੁਤ ਲੋਕ ਕਾਫ਼ੀ ਦੂਰ ਤੋਂ ਆਏ ਹਨ। 4 **ਯਿਸੂ** ਦੇ ਚੇਲਿਆਂ ਨੇ ਉੱਤਰ ਦਿੱਤਾ, "ਇਸ ਉਜਾੜ ਜਗ੍ਹਾ ਵਿੱਚ ਇੰਨੇ ਸਾਰੇ ਲੋਕਾਂ ਲਈ ਰੋਟੀ ਦਾ ਇੰਤਜ਼ਾਮ ਕਿਵੇਂ ਕੀਤਾ ਜਾ ਸਕਦਾ ਹੈ? 5 **ਯਿਸੂ** ਨੇ ਪੁੱਛਿਆ, "ਤੁਹਾਡੇ ਕੋਲ ਕਿੰਨੀਆਂ ਰੋਟੀਆਂ ਹਨ?"ਉਹ ਬੋਲੇ, "ਸੱਤ"। 6 **ਯਿਸੂ** ਨੇ ਸਾਰਿਆਂ ਲੋਕਾਂ ਨੂੰ ਜ਼ਮੀਨ ਉੱਤੇ ਬੈਠ ਜਾਣ ਦੀ ਆਗਿਆ ਦਿੱਤੀ। ਸੱਤ ਰੋਟੀਆਂ ਆਪਣੇ ਹੱਥ ਵਿੱਚ ਲੈ

ਕੇ, ਧੰਨਵਾਦ ਦੇ ਨਾਲ ਤੋੜੀਆਂ ਅਤੇ ਚੇਲਿਆਂ ਨੇ ਲੋਕਾਂ ਦੇ ਅੱਗੇ ਰੱਖ ਦਿੱਤੀਆਂ। 7
**ਉਨ੍ਹਾਂ** ਕੋਲ ਕੁਝ ਛੋਟੀਆਂ ਮੱਛੀਆਂ ਵੀ ਸਨ, ਜਿਨ੍ਹਾਂ ਨੂੰ ਯਿਸੂ ਨੇ ਲੋਕਾਂ ਨੂੰ ਵੰਡਣ
ਦੀ ਆਗਿਆ ਦਿੱਤੀ। 8 **ਉਹ** ਲੋਕ ਖਾਣਾ ਖਾ ਕੇ ਰੱਜ ਗਏ ਅਤੇ ਉਨ੍ਹਾਂ ਨੇ ਬਚੇ
ਹੋਏ ਟੁਕੜਿਆਂ ਦੀਆਂ ਸੱਤ ਟੋਕਰੀਆਂ ਭਰ ਲਈਆਂ। 9 **ਉਸ** ਦਿਨ ਲਗਭਗ
ਚਾਰ ਹਜ਼ਾਰ ਲੋਕਾਂ ਨੇ ਖਾਣਾ ਖਾਧਾ।ਫਿਰ ਯਿਸੂ ਨੇ ਉਨ੍ਹਾਂ ਨੂੰ ਘਰ ਭੇਜ ਦਿੱਤਾ। 10
**ਇਸ ਦੇ** ਤੁਰੰਤ ਬਾਅਦ ਯਿਸੂ ਆਪਣੇ ਚੇਲਿਆਂ ਦੇ ਨਾਲ ਬੇੜੀ ਵਿੱਚ ਬੈਠ ਕੇ
ਦਲਮਨੂਥਾ ਇਲਾਕੇ ਦੀ ਵੱਲ ਚੱਲ ਪਏ। 11 **ਫ਼ਰੀਸੀ** ਆ ਕੇ ਬਹਿਸ ਕਰਨ ਲੱਗੇ
ਅਤੇ ਪਰਖਣ ਲਈ ਸਵਰਗ ਤੋਂ ਕਿਸੇ ਚਿੰਨ੍ਹਾਂ ਦੀ ਮੰਗ ਕਰਨ ਲੱਗੇ। 12 **ਬੜਾ**
ਲੰਬਾ ਹਾਉਕਾ ਭਰ ਕੇ ਯਿਸੂ ਬੋਲੇ, "ਇਸ ਜਮਾਨੇ ਦੇ ਲੋਕ ਕਰਾਮਾਤੀ ਚਿੰਨ੍ਹ ਦੀ
ਤਲਾਸ਼ ਵਿੱਚ ਕਿਉਂ ਰਹਿੰਦੇ ਹਨ? ਮੈਂ ਤੁਹਾਨੂੰ ਸੱਚ ਆਖਦਾ ਹਾਂ ਇਸ ਜ਼ਮਾਨੇ ਦੇ
ਲੋਕਾਂ ਨੂੰ ਕੋਈ ਚਿੰਨ੍ਹ ਨਹੀਂ ਦਿੱਤਾ ਜਾਵੇਗਾ।" 13 **ਉਨ੍ਹਾਂ** ਨੂੰ ਛੱਡ ਕੇ ਫਿਰ ਯਿਸੂ
ਬੇੜੀ ਵਿੱਚ ਬੈਠ ਕੇ ਉਸ ਪਾਰ ਚਲੇ ਗਏ। 14 **ਚੇਲੇ** ਆਪਣੇ ਨਾਲ ਰੋਟੀ ਲੈਣਾ ਭੁੱਲ
ਗਏ ਸੀ।ਉਹਨਾਂ ਕੋਲ ਇੱਕ ਤੋਂ ਜ਼ਿਆਦਾ ਰੋਟੀ ਨਹੀਂ ਸੀ। 15 **ਉਹਨਾਂ** ਨੂੰ
ਚਿਤਾਵਨੀ ਦਿੰਦੇ ਹੋਏ ਯਿਸੂ ਨੇ ਕਿਹਾ, "ਫ਼ਰੀਸੀਆਂ ਦੇ ਖ਼ਮੀਰ ਅਤੇ ਹੇਰੋਦੇਸ ਦੇ
ਖ਼ਮੀਰ ਤੋਂ ਸਾਵਧਾਨ ਰਹੋ।" 16 **ਉਹਨਾਂ** ਨੇ ਆਪਸ ਵਿੱਚ ਵਾਦ ਵਿਵਾਦ ਕਰਦੇ
ਹੋਏ ਕਿਹਾ, "ਉਹਨਾਂ ਨੇ ਇਹ ਇਸ ਲਈ ਕਿਹਾ ਕਿਉਂਕਿ ਸਾਡੇ ਕੋਲ ਤਾਂ ਰੋਟੀ
ਨਹੀਂ ਹੈ।" 17 **ਇਹ** ਜਾਨਣ ਤੇ ਯਿਸੂ ਨੇ ਉਨ੍ਹਾਂ ਨੂੰ ਕਿਹਾ, "ਤੁਸੀਂ ਲੋਕ ਇਸ
ਗੱਲ ਤੇ ਚਰਚਾ ਕਿਉਂ ਕਰ ਰਹੇ ਹੋ ਕਿ ਤੁਹਾਡੇ ਕੋਲ ਰੋਟੀ ਨਹੀਂ ਹੈ? ਕੀ ਤੁਸੀਂ ਹੁਣ
ਤੱਕ ਨਹੀਂ ਸਮਝੇ? ਕੀ ਤੁਹਾਡਾ ਮਨ ਅਜੇ ਵੀ ਕਠੋਰ ਹੈ? 18 **ਤੁਹਾਡੀਆਂ** ਅੱਖਾਂ
ਹਨ, ਕੀ ਤੁਸੀਂ ਦੇਖ ਨਹੀਂ ਸਕਦੇ? ਅਤੇ ਤੁਹਾਡੇ ਕੋਲ ਕੰਨ ਹਨ, ਕੀ ਸੁਣ ਨਹੀਂ
ਸਕਦੇ ਹੋ?ਕੀ ਤੁਹਾਨੂੰ ਯਾਦ ਨਹੀਂ ਹੈ? 19 **ਮੈਂ** ਜਦੋਂ ਪੰਜ ਰੋਟੀਆਂ ਪੰਜ ਹਜ਼ਾਰ
ਲਈ ਤੋੜੀਆਂ, ਤੁਸੀਂ ਟੁਕੜਿਆਂ ਦੇ ਕਿੰਨੇ ਟੋਕਰੇ ਚੁੱਕੇ ਸੀ? ਉਨ੍ਹਾਂ ਨੇ ਕਿਹਾ,
"ਬਾਰ੍ਹਾਂ।" 20 **ਅਤੇ** ਜਦੋਂ ਮੈਂ ਚਾਰ ਹਜ਼ਾਰ ਲਈ ਸੱਤ ਰੋਟੀਆਂ ਤੋੜੀਆਂ ਸਨ,
ਤਦ ਤੁਸੀਂ ਰੋਟੀਆਂ ਦੇ ਟੁਕੜਿਆਂ ਦੇ ਕਿੰਨੇ ਟੋਕਰੇ ਚੁੱਕੇ ਸਨ? ਉਹ ਬੋਲੇ, "ਸੱਤ।"
21 **ਯਿਸੂ** ਨੇ ਉਨ੍ਹਾਂ ਨੂੰ ਕਿਹਾ, "ਕੀ ਗੱਲ ਹੈ ? ਕੀ ਤੁਸੀਂ ਕੁਝ ਵੀ ਨਹੀਂ ਸਮਝਦੇ
ਹੋ?"

22 **ਜਦੋਂ** ਯਿਸੂ ਬੇਤਸਦਾ ਪਹੁੰਚੇ, ਤਾਂ ਉੱਥੇ ਕੁਝ ਲੋਕ ਇੱਕ ਅੰਨੇ ਆਦਮੀ ਨੂੰ ਕੋਲ
ਲਿਆਏ ਤਾਂਕਿ ਯਿਸੂ ਉਸਨੂੰ ਛੂਹਣ। 23 **ਯਿਸੂ** ਉਸਦਾ ਹੱਥ ਫੜਕੇ ਪਿੰਡ ਤੋਂ
ਬਾਹਰ ਲੈ ਗਏ।ਉਸਦੀਆਂ ਅੱਖਾਂ ਵਿੱਚ ਥੁੱਕਿਆ ਅਤੇ ਹੱਥ ਰੱਖਣ ਤੋਂ ਬਾਅਦ
ਪੁੱਛਿਆ ਕਿ ਉਸਨੂੰ ਕੁਝ ਦਿਖ ਰਿਹਾ ਹੈ ਜਾਂ ਨਹੀਂ। 24 **ਉਸ** ਆਦਮੀ ਨੇ ਉੱਪਰ
ਦੇਖ ਕੇ ਕਿਹਾ, "ਮੈਨੂੰ ਲੋਕ ਚੱਲਦੇ ਹੋਏ ਦਿਖ ਰਹੇ ਹਨ, ਪਰ ਇਵੇਂ ਲੱਗਦਾ ਹੈ

ਜਿਸ ਤਰ੍ਹਾਂ ਰੁੱਖ ਚੱਲ ਰਹੇ ਹੋਣ।" 25 **ਜਦ** ਯਿਸੂ ਨੇ ਦੁਬਾਰਾ ਉਸਦੀਆਂ ਅੱਖਾਂ ਤੇ
ਹੱਥ ਰੱਖ ਕੇ ਉੱਪਰ ਦੇਖਣ ਨੂੰ ਕਿਹਾ,ਤਾਂ ਉਹ ਸਾਫ਼ ਸਾਫ਼ ਦੇਖਣ ਲੱਗਾ। 26 **ਯਿਸੂ**
ਨੇ ਉਸ ਨੂੰ ਘਰ ਵਾਪਸ ਜਾਣ ਤੋਂ ਇਲਾਵਾ ਇਹ ਕਿਹਾ ਕਿ ਉਹ ਪਿੰਡ ਨੂੰ ਨਾ ਜਾਵੇ
। 27 **ਯਿਸੂ** ਅਤੇ ਉਸਦੇ ਚੇਲੇ ਕੈਸਰੀਆ ਫਿਲੱਪੀ ਨਗਰ ਵੱਲ ਜਾ ਰਹੇ ਸਨ,
ਰਸਤੇ ਵਿੱਚ ਉਸਨੇ ਚੇਲਿਆਂ ਨੂੰ ਇੱਕ ਸਵਾਲ ਕੀਤਾ, "ਮੇਰੇ ਬਾਰੇ ਵਿੱਚ ਲੋਕਾਂ ਦੇ
ਕੀ ਖਿਆਲ ਹਨ?" 28 **ਉਹਨਾਂ** ਨੇ ਉੱਤਰ ਵਿੱਚ ਕਿਹਾ, "ਕੁਝ ਆਖਦੇ ਹਨ ਕਿ
ਤੁਸੀ ਯਹੂੰਨਾ ਬਪਤਿਸਮਾ ਦੇਣ ਵਾਲੇ ਹੋ, ਕੁਝ ਏਲੀਆਹ ਅਤੇ ਦੂਜੇ ਨਬੀਆਂ ਵਿੱਚੋਂ
ਇੱਕ। 29 **ਯਿਸੂ** ਨੇ ਪੁੱਛਿਆ, "ਪਰ ਤੁਸੀਂ ਮੈਨੂੰ ਕੀ ਕਹਿੰਦੇ ਹੋ?" ਪਤਰਸ ਨੇ
ਕਿਹਾ, "ਤੁਸੀਂ ਮਸੀਹ ਹੋ।" 30 **ਯਿਸੂ** ਨੇ ਉਨ੍ਹਾਂ ਨੂੰ ਇਹ ਕਿਸੇ ਹੋਰ ਨੂੰ ਦੱਸਣ ਤੋਂ
ਮਨ੍ਹਾ ਕੀਤਾ। 31 **ਯਿਸੂ** ਉਨ੍ਹਾਂ ਨੂੰ ਸਿਖਾਉਣ ਲੱਗੇ ਕਿ ਮਨੁੱਖ ਦਾ ਪੁੱਤਰ (ਮੈਂ
ਆਪ) ਸਤਾਏ ਜਾਣ ਦੇ ਨਾਲ ਬਜ਼ੁਰਗਾਂ, ਪ੍ਰਧਾਨ ਜਾਜਕਾਂ ਅਤੇ ਸਾਸ਼ਤਰੀਆਂ
ਦੁਆਰਾ ਮਾਰ ਦਿੱਤਾ ਜਾਵੇਗਾ,ਪਰ ਤੀਜੇ ਦਿਨ ਜੀ ਉੱਠੇਗਾ। 32 **ਇਹ** ਗੱਲ ਯਿਸੂ
ਨੇ ਖੁੱਲੇਆਮ ਕਹੀ। ਇਹ ਸੁਣ ਕੇ ਪਤਰਸ ਯਿਸੂ ਨੂੰ ਅੱਲਗ ਲੈ ਜਾ ਕੇ ਝਿੜਕਣ
ਲੱਗਾ। 33 **ਯਿਸੂ** ਨੇ ਮੁੜ ਕੇ ਆਪਣੇ ਚੇਲਿਆਂ ਨੂੰ ਵੇਖਦੇ ਹੋਏ ਪਤਰਸ ਨੂੰ ਝਿੜ ਕੇ
ਕਿਹਾ, "ਮੇਰੇ ਤੋਂ ਦੂਰ ਹੋ ਜਾ, ਸ਼ੈਤਾਨ! ਤੂੰ ਪਰਮੇਸ਼ੁਰ ਦੀ ਨਹੀਂ ਪਰ ਇਨਸਾਨਾਂ ਦੀ
ਗੱਲ ਤੇ ਮਨ ਲਗਾ ਰਿਹਾ ਹੈ। 34 **ਯਿਸੂ** ਨੇ ਆਪਣੇ ਚੇਲਿਆਂ ਦੇ ਨਾਲ ਲੋਕਾਂ ਨੂੰ
ਵੀ ਬੁਲਾਇਆ ਅਤੇ ਕਿਹਾ, "ਜੋ ਮੈਨੂੰ ਅਪਣਾਉਣਾ ਚਾਹੁੰਦਾ ਹੈ, ਉਹਨੂੰ ਚਾਹੀਦਾ ਹੈ
ਕਿ ਉਹ ਆਪਣੇ ਆਪਦਾ ਇਨਕਾਰ ਕਰੇ,ਆਪਣੀ ਸਲੀਬ ਚੁੱਕੇ ਅਤੇ ਮੇਰੇ ਪਿੱਛੇ
ਆ ਜਾਵੇ। 35 **ਇਸ** ਲਈ ਕਿ ਜੋ ਕੋਈ ਆਪਣੇ ਜੀਵਨ ਨੂੰ ਬਚਾਉਣਾ ਚਾਹੁੰਦਾ
ਹੈ, ਉਹ ਇਸਨੂੰ ਗਵਾ ਦੇਵੇਗਾਂ।ਪਰ ਜੋ ਮੇਰੇ ਅਤੇ ਮੇਰੀ ਖੁਸਖ਼ਬਰੀ ਲਈ ਆਪਣਾ
ਜੀਵਨ ਗੁਆਵੇਗਾ ਉਹ ਇਸਨੂੰ ਬਚਾਏਗਾ। 36 **ਕਿਉਂਕਿ** ਇੱਕ ਇਨਸਾਨ ਜੇਕਰ
ਸਾਰੀ ਦੁਨੀਆ ਨੂੰ ਪ੍ਰਾਪਤ ਕਰੇ ਪਰ ਆਪਣੀ ਆਤਮਾ ਨੂੰ ਗਵਾ ਦੇਵੇ, ਤਾਂ ਕੀ
ਲਾਭ? 37 **ਇਨਸਾਨ** ਆਪਣੀ ਆਤਮਾ ਦੇ ਬਦਲੇ ਕੀ ਦੇਵੇਗਾਂ? 37 **ਇਸ** ਲਈ
ਜੋ ਕੋਈ ਇਸ ਜ਼ਨਾਹਕਾਰੀ ਅਤੇ ਦੁਸ਼ਟ ਪੀੜ੍ਹੀ ਦੇ ਲੋਕਾਂ ਵਿੱਚੋਂ ਮੇਰੇ ਤੋਂ ਅਤੇ ਮੇਰੇ
ਬਚਨਾਂ ਤੋਂ ਸ਼ਰਮਾਵੇਗਾ,ਮਨੁੱਖ ਦਾ ਪੁੱਤਰ ਜਦ ਆਪਣੇ ਪਿਤਾ ਦੀ ਮਹਿਮਾ ਅਤੇ
ਪਵਿੱਤਰ ਸਵਰਗਦੂਤਾਂ ਨਾਲ ਆਏਗਾ ਉਸ ਤੋਂ ਸ਼ਰਮਾਵੇਗਾ।"

---

ਅਧਿਐਨ

8:1-10 - ਮੱਤੀ 15:32-39

8:10 - ਮਗਦਨ(ਮੱਤੀ 15:39)ਇਸ ਖੇਤਰ ਵਿੱਚ ਸੀ।

8:11-21 - ਮੱਤੀ 16:1-12

8:22 - ਬੈਤਸੈਦਾ ਗਲੀਲ਼ ਝੀਲ ਦੇ ਉੱਤਰ ਵਿੱਚ ਇੱਕ ਸ਼ਹਿਰ ਹੈ।

8:22 - ਮਨੁੱਖ ਦੀ ਲਾਰ ਵਿੱਚ ਇੰਨੀ ਸ਼ਕਤੀ ਨਹੀਂ ਕਿ ਕਿਸੇ ਅੰਨ੍ਹੇ ਨੂੰ ਚੰਗਾ ਕਰ ਸਕੇ। ਨਾ ਹੀ ਜਰੂਰੀ ਸੀ ਕਿ ਚੰਗਾ ਕਰਨ ਦੇ ਲਈ ਛੂਹਿਆ ਜਾਏ।ਮੱਤੀ 8:8,13 ਸ਼ਾਇਦ ਅਜਿਹਾ ਕਰਨ ਨਾਲ(7:33) ਯਿਸੂ ਵਿਸ਼ਵਾਸ ਨੂੰ ਉਤਸ਼ਾਹਿਤ ਕਰ ਰਹੇ ਸਨ।

8:24-25 - ਸ਼ੁਰੂ ਵਿੱਚ ਤਾਂ ਉਹ ਵਿਅਕਤੀ ਸਾਫ਼ ਨਹੀਂ ਦੇਖ ਰਿਹਾ ਸੀ।ਇਹ ਇੱਕ ਇਸ ਪ੍ਰਕਾਰ ਦਿੱਤੀ ਹੋਈ ਘਟਨਾ ਹੈ ਜਿਸ ਵਿੱਚ ਯਿਸੂ ਹੋਲੀ-ਹੋਲੀ ਠੀਕ ਕਰ ਰਹੇ ਸਨ। ਇਸਦਾ ਕਾਰਨ ਨਹੀਂ ਦਿੱਤਾ ਗਿਆ ਹੈ। ਸ਼ਾਇਦ ਸ਼ੁਰੂ ਵਿੱਚ ਵਿਅਕਤੀ ਦਾ ਵਿਸ਼ਵਾਸ ਕਮਜ਼ੋਰ ਸੀ ਅਤੇ ਹੋਲੀ-ਹੋਲੀ ਵੱਧਦਾ ਗਿਆ। ਸ਼ਾਇਦ ਯਿਸੂ ਚਾਹੁੰਦੇ ਸਨ ਕਿ ਚੰਗਾਈ ਪ੍ਰਾਪਤ ਕਰਨ ਵਾਲੇ ਜਦੋਂ ਇਸਨੂੰ ਪੜਣਗੇ ਜਾਂ ਸੁਣਨਗੇ ਤਾਂ ਹਿੰਮਤ ਪਾਉਣਗੇ ਕਿ ਯਿਸੂ ਲੋਕਾਂ ਨੂੰ ਹੋਲੀ-ਹੋਲੀ ਠੀਕ ਕਰ ਸਕਦੇ ਹਨ।ਆਤਮਿਕ ਜੀਵਨ ਵਿੱਚ ਵੀ ਕਈ ਵਾਰੀ ਲੋਕ ਧੀਮੀ ਗਤੀ ਨਾਲ ਰੋਸ਼ਨੀ ਪ੍ਰਾਪਤ ਕਰਦੇ ਹਨ।

8:27-38 - ਮੱਤੀ 16:13-27

8:38 - ਮੱਤੀ 10:32,33 ਨਾਲ ਤੁਲਨਾ ਕਰੋ।ਰੋਮੀ 1:16, ਘਮੰਡ ਜਾਂ ਇਨਸਾਨ ਦਾ ਡਰ ਜਾਂ ਦੂਸਰਿਆਂ ਦੁਆਰਾ ਸਵਿਕਾਰ ਕੀਤੇ ਜਾਣ ਦੀ ਚਾਹ ਲੋਕਾਂ ਨੂੰ ਮਸੀਹ ਅਤੇ ਮੁਕਤੀ ਦੀ ਖ਼ਬਰ ਤੋਂ ਸ਼ਰਮਿੰਦਾ ਕਰਦੀ ਹੈ।

## ਅਧਿਆਏ-9

1 **ਯਿਸੂ** ਨੇ ਉਨ੍ਹਾਂ ਲੋਕਾਂ ਨੂੰ ਕਿਹਾ, "ਮੈਂ ਸੱਚ ਕਹਿੰਦਾ ਹਾਂ ਜੋ ਇੱਥੇ ਖਲੋਤੇ ਹਨ
ਉਨ੍ਹਾਂ ਵਿੱਚੋਂ ਕੁਝ ਮੌਤ ਨੂੰ ਤਦ ਤੱਕ ਨਹੀਂ ਚੱਖਣਗੇ ਜਦੋਂ ਤੱਕ ਕਿ ਉਹ ਪਰਮੇਸ਼ੁਰ ਦੇ

ਰਾਜ ਨੂੰ ਸ਼ਕਤੀ ਨਾਲ ਆਉਂਦਿਆਂ ਨਾ ਵੇਖ ਲੈਣਗੇ।" 2 **ਛੇ** ਦਿਨਾਂ ਦੇ ਬਾਅਦ
ਯਿਸੂ ਪਤਰਸ, ਯਾਕੂਬ ਅਤੇ ਯਹੂੰਨਾ ਨੂੰ ਇੱਕ ਉੱਚੇ ਪਹਾੜ ਉੱਤੇ ਲੈ ਗਏ।ਉਹ
ਉੱਥੇ ਇਕੱਲੇ ਸਨ ਅਤੇ ਉਨ੍ਹਾਂ ਦੇ ਵੇਖਦੇ-ਵੇਖਦੇ ਯਿਸੂ ਦਾ ਰੂਪ ਬਦਲ ਗਿਆ। 3
**ਉਸਦੇ** ਕੱਪੜੇ ਬਰਫ਼ ਦੀ ਤਰ੍ਹਾਂ ਸਫੇਦ ਇੰਨੇ ਚਮਕਣ ਲੱਗੇ ਜਿੰਨਾਂ ਧਰਤੀ ਦਾ ਕੋਈ
ਵੀ ਧੋਬੀ ਸਫੇਦੀ ਨਹੀਂ ਲਿਆ ਸਕਦਾ ਸੀ। 4 **ਉੱਥੇ** ਹੀ ਏਲੀਯਾਹ ਅਤੇ ਮੂਸਾ ਵੀ
ਪ੍ਰਗਟ ਹੋਏ ਅਤੇ ਉਹ ਯਿਸੂ ਨਾਲ ਗੱਲਾਂ ਕਰ ਰਹੇ ਸਨ। 5 **ਪਤਰਸ** ਤੁਰੰਤ ਬੋਲ
ਉੱਠਿਆ, "ਗੁਰੂ ਜੀ ਸਾਡੇ ਲਈ ਕਿੰਨਾਂ ਚੰਗਾ ਹੈ ਕਿ ਅਸੀਂ ਇੱਥੇ ਹਾਂ। ਅਸੀਂ
ਤਿੰਨ ਜਗਵੇਦੀਆਂ ਬਣਾਵਾਂਗੇ ਇੱਕ ਤੁਹਾਡੇ ਲਈ, ਇੱਕ ਮੂਸਾ ਅਤੇ ਇੱਕ ਏਲੀਯਾਹ
ਦੇ ਲਈ। 6 **ਉਹ** ਸਾਰੇ ਇੰਨਾਂ ਡਰ ਗਏ ਸਨ ਕਿ ਪਤਰਸ ਨਹੀਂ ਜਾਣਦਾ ਸੀ ਕਿ
ਉਹ ਕੀ ਕਹਿ ਰਿਹਾ ਸੀ। 7 **ਇੱਕ** ਬੱਦਲ ਨੇ ਆ ਕੇ ਆਪਣੀ ਛਾਂ ਨਾਲ ਉਨ੍ਹਾਂ ਨੂੰ
ਢੱਕ ਲਿਆ, ਬੱਦਲ ਵਿਚੋਂ ਇੱਕ ਆਵਾਜ਼ ਆਈ, "ਇਹ ਮੇਰਾ ਪਿਆਰਾ ਪੁੱਤਰ ਹੈ,
ਇਸਦੀ ਸੁਣੋ। 8 **ਅਚਾਨਕ** ਜਦੋਂ ਉਨ੍ਹਾਂ ਦੇ ਚਾਰੇ ਪਾਸੇ ਵੇਖਿਆ ਤਾਂ ਯਿਸੂ ਅਤੇ
ਉਨ੍ਹਾਂ ਤੋਂ ਬਿਨਾਂ ਉੱਥੇ ਕੋਈ ਨਹੀਂ ਸੀ। 9 **ਜਿਵੇਂ** ਹੀ ਉਹ ਪਹਾੜ ਤੋਂ ਹੇਠਾਂ ਉੱਤਰੇ
ਯਿਸੂ ਨੇ ਇਸ ਬਾਰੇ ਕਿਸੇ ਨੂੰ ਨਾ ਦੱਸਣ ਦੀ ਮਨਾਹੀ ਉਦੋਂ ਤੱਕ ਕੀਤੀ ਜਦੋਂ ਤੱਕ
ਉਹ ਮਰੇ ਹੋਇਆਂ ਵਿੱਚੋਂ ਨਾ ਜੀ ਉੱਠੇ। 10 **ਮੁਰਦਿਆਂ** ਦਾ ਜੀ ਉੱਠਣਾ ਕੀ ਹੈ,
ਉਨ੍ਹਾਂ ਨੇ ਇਸ ਬਾਰੇ ਵਾਦ-ਵਿਵਾਦ ਤਾਂ ਕੀਤਾ ਪਰ ਇਸ ਵਿਸ਼ੇ ਤੇ ਚੁੱਪ ਰਹੇ। 11
**ਉਨ੍ਹਾਂ** (ਚੇਲਿਆਂ) ਨੇ ਪੁੱਛਿਆ, "ਧਰਮ ਗ੍ਰੰਥੀ ਕਿਉਂ ਕਹਿੰਦੇ ਹਨ ਕਿ ਪਹਿਲਾਂ
ਏਲੀਯਾਹ ਆਏਗਾ?" 12 **ਯਿਸੂ** ਨੇ ਉੱਤਰ ਦਿੱਤਾ, "ਇਹ ਤਾਂ ਸੱਚ ਹੈ ਕਿ
ਪਹਿਲਾਂ ਏਲੀਯਾਹ ਆਏਗਾ ਅਤੇ ਸਭ ਕੁਝ ਸੁਧਾਰੇਗਾ। ਪਰ ਮਨੁੱਖ ਦੇ ਪੁੱਤਰ ਲਈ
ਇਹ ਲਿਖਿਆ ਹੈ ਕਿ ਉਹ ਬਹੁਤ ਦੁੱਖ ਝੱਲੇਗਾ ਅਤੇ ਬੇਪਤ ਕੀਤਾ ਜਾਵੇਗਾ। 13
**ਪਰ** ਮੈਂ ਤੁਹਾਨੂੰ ਦੱਸਦਾ ਹਾਂ ਕਿ ਏਲੀਯਾਹ ਆ ਚੁੱਕਾ ਹੈ ਅਤੇ ਉਨ੍ਹਾਂ ਨੇ ਉਸਦੇ ਨਾਲ
ਉਹ ਸਭ ਕੀਤਾ ਜੋ ਉਹ ਕਰਨਾ ਚਾਹੁੰਦੇ ਸਨ ਅਤੇ ਜੋ ਉਸਦੇ ਬਾਰੇ ਲਿਖਿਆ ਵੀ
ਹੈ। 14 **ਜਦੋਂ** ਯਿਸੂ ਬਾਕੀ ਚੇਲਿਆਂ ਦੇ ਕੋਲ ਆਏ ਤਾਂ ਉਨ੍ਹਾਂ ਨੇ ਆਪਣੇ ਚਾਰੇ
ਪਾਸੇ ਇੱਕ ਵੱਡੀ ਭੀੜ ਵੇਖੀ ਅਤੇ ਧਰਮ ਗ੍ਰੰਥੀਆਂ ਚੇਲਿਆਂ ਤੋਂ ਸਵਾਲ ਜਵਾਬ ਕਰ
ਰਹੇ ਸਨ। 15 **ਯਿਸੂ** ਨੂੰ ਵੇਖਦੇ ਹੀ ਲੋਕਾਂ ਨੂੰ ਹੈਰਾਨੀ ਹੋਈ ਅਤੇ ਉਹ ਦੌੜੇ
ਆਏ,ਅਤੇ ਪ੍ਰਣਾਮ ਕੀਤਾ। 16 **ਯਿਸੂ** ਨੇ ਧਰਮ ਗ੍ਰੰਥੀਆਂ ਨੂੰ ਪੁੱਛਿਆ, "ਤੁਸੀਂ
ਉਨ੍ਹਾਂ ਤੋਂ ਕੀ ਪੁੱਛ ਰਹੇ ਹੋ?" 17 **ਭੀੜ** ਵਿੱਚੋਂ ਇੱਕ ਨੇ ਉੱਤਰ ਦਿੱਤਾ, "ਗੁਰੂ ਜੀ
ਮੈਂ ਆਪਣੇ ਪੁੱਤਰ ਨੂੰ ਤੁਹਾਡੇ ਕੋਲ ਲਿਆਇਆ ਸੀ।ਉਸਦੇ ਅੰਦਰ ਇੱਕ ਗੂੰਗੀ
ਆਤਮਾ ਹੈ। 18 **ਜਦੋਂ** ਕਦੇ ਵੀ ਉਹ ਉਸ ਨੂੰ ਫੜਦੀ ਹੈ ਉਹ ਉਸਨੂੰ ਜ਼ਮੀਨ ਉੱਤੇ
ਪਟਕ ਦਿੰਦੀ ਹੈ।ਉਸਦੇ ਮੂੰਹ ਵਿੱਚੋਂ ਝੱਗ ਵੱਗਦੀ ਹੈ ਅਤੇ ਉਹ ਅਪਣੇ ਦੰਦ ਪੀਸਦਾ
ਹੈ ਅਤੇ ਉਹ ਦਿਨੋ-ਦਿਨ ਕਮਜ਼ੋਰ ਹੁੰਦਾ ਜਾ ਰਿਹਾ ਹੈ। ਮੈਂ ਤੁਹਾਡੇ ਚੇਲਿਆਂ ਨੂੰ

ਬੇਨਤੀ ਕੀਤੀ ਸੀ ਪਰ ਉਹ ਇਸਨੂੰ ਨਹੀਂ ਕੱਢ ਪਾਏ। 19 **ਯਿਸੂ** ਅੱਗੋਂ ਬੋਲੇ, “ਹੇ
ਅਵਿਸ਼ਵਾਸੀ ਪੀੜੀ ਮੈਂ ਕਦੋਂ ਤੱਕ ਤੁਹਾਡੇ ਨਾਲ ਰਹਾਂਗਾ,ਕਦ ਤੱਕ ਤੁਹਾਡੀ
ਝੱਲਾਂਗਾ? ਉਸਨੂੰ ਮੇਰੇ ਕੋਲ ਲਿਆਉ। 21 **ਉਹ** ਉਸਨੂੰ ਯਿਸੂ ਦੇ ਕੋਲ ਲਿਆਏ।
ਜਦੋਂ ਉਸ ਗੰਦੀ ਆਤਮਾ ਨੇ ਉਸਨੂੰ ਦੇਖਿਆ ਤੁਰੰਤ ਮੁੰਡੇ ਨੂੰ ਮਰੋੜਿਆ ਅਤੇ ਉਹ
ਜ਼ਮੀਨ ਉੱਤੇ ਡਿੱਗ ਪਿਆ ਅਤੇ ਮੂੰਹ ਵਿੱਚੋਂ ਝੱਗ ਵੱਗਦੇ ਹੋਏ ਲੇਟਣ ਲੱਗਾ। 21
**ਯਿਸੂ** ਨੇ ਉਸਦੇ ਪਿਤਾ ਨੂੰ ਪੁੱਛਿਆ, “ਇਸਦੀ ਇਹ ਹਾਲਤ ਕਦ ਤੋਂ ਹੈ? ਉਹ
ਬੋਲਿਆ, “ਬਚਪਨ ਤੋਂ। 22 **ਅਕਸਰ** ਇਸਨੇ ਇਸਨੂੰ ਪਾਣੀ ਅਤੇ ਅੱਗ ਵਿੱਚ
ਸੁੱਟ ਕੇ ਮਾਰਨ ਦੀ ਕੋਸ਼ਿਸ਼ ਕੀਤੀ ਹੈ।ਜੇਕਰ ਤੁਸੀਂ ਕੁਝ ਕਰ ਸਕਦੇ ਹੋ ਤਾਂ ਸਾਡੇ ਤੇ
ਰਹਿਮ ਕਰੋ। 23 **ਯਿਸੂ** ਨੇ ਉਸਨੂੰ ਕਿਹਾ, ਜੇਕਰ ਤੁਸੀਂ ਕਰ ਸਕਦੇ ਹੋ- ਜੇ ਤੁਸੀਂ
ਵਿਸਵਾਸ਼ ਕਰੋ ਤਾਂ ਸਭ ਕੁਝ ਹੋ ਸਕਦਾ ਹੈ। 24 **ਤੁਰੰਤ** ਮੁੰਡੇ ਦੇ ਪਿਤਾ ਨੇ ਕਿਹਾ,
“ਪ੍ਰਭੂ ਮੈਨੂੰ ਭਰੋਸਾ ਹੈ, ਮੇਰੇ ਅਵਿਸ਼ਵਾਸ ਨੂੰ ਦੂਰ ਕਰੋ। 25 **ਜਦ** ਯਿਸੂ ਨੇ
ਦੇਖਿਆ ਕਿ ਲੋਕ ਭੱਜੇ ਆ ਰਹੇ ਹਨ ਤਾਂ ਦੁਸ਼ਟ ਆਤਮਾ ਨੂੰ ਝਿੜਕਦੇ ਹੋਏ ਕਿਹਾ,
“ਹੇ ਗੁੰਗੀ ਅਤੇ ਬਹਿਰੀ ਆਤਮਾ ਮੈਂ ਤੈਨੂੰ ਹੁਕਮ ਦਿੰਦਾ ਹਾਂ ਨਿੱਕਲ ਆ,ਅਤੇ ਫਿਰ
ਕਦੇ ਉਸਦੇ ਅੰਦਰ ਨਾ ਆਉਣਾ।” 26 **ਉਹ** ਆਤਮਾ ਉੱਚੀ ਨਾਲ ਚੀਕੀ ਅਤੇ
ਮੁੰਡੇ ਨੂੰ ਜ਼ੋਰ ਨਾਲ ਪਟਕ ਕੇ ਉਸ ਵਿਚੋਂ ਨਿੱਕਲ ਗਈ।ਉਹ ਮੁੰਡਾ ਮੁਰਦੇ ਦੀ ਤਰ੍ਹਾਂ
ਹੋ ਗਿਆ ਅਤੇ ਬਹੁਤ ਸਾਰੇ ਲੋਕ ਕਹਿਣ ਲੱਗੇ, “ਇਹ ਮਰ ਗਿਆ ਹੈ।” 27
**ਪਰ** ਯਿਸੂ ਨੇ ਉਸਨੂੰ ਹੱਥ ਨਾਲ ਫੜ ਕੇ ਉਸਨੂੰ ਉਸਦੇ ਪੈਰਾਂ ਤੇ ਖੜਾ ਕੀਤਾ, ਅਤੇ
ਉਹ ਖੜਾ ਹੋ ਗਿਆ। 28 **ਘਰ** ਆਉਣ ਤੇ ਚੇਲਿਆਂ ਨੇ ਇੱਕਲੇ ਵਿੱਚ ਉਸਨੂੰ
ਪੁੱਛਿਆ, “ਅਸੀਂ ਉਸਨੂੰ ਕਿਉਂ ਨਹੀਂ ਕੱਢ ਸਕੇ। 29 **ਯਿਸੂ** ਨੇ ਉਨ੍ਹਾਂ ਨੂੰ ਕਿਹਾ,
“ਇਸ ਤਰ੍ਹਾਂ ਦੀ ਆਤਮਾ ਪ੍ਰਾਥਨਾਂ ਤੋਂ ਬਿਨਾਂ ਬਾਹਰ ਨਹੀਂ ਨਿੱਕਲਦੀ।” 30 **ਉਸ**
ਥਾਂ ਤੋਂ ਨਿੱਕਲ ਕੇ ਉਹ ਗਲੀਲ ਵਿੱਚੋਂ ਦੀ ਗੁਜ਼ਰੇ।ਯਿਸੂ ਨਹੀਂ ਚਾਹੁੰਦੇ ਸਨ ਕਿ ਉੱਥੇ
ਕੋਈ ਇਸ ਗੱਲ ਨੂੰ ਜਾਣੇ। 31 ਉਨ੍ਹਾਂ (ਚੇਲਿਆਂ) ਨੂੰ ਸਿਖਾਉਂਦੇ ਹੋਏ ਯਿਸੂ ਨੇ
ਕਿਹਾ, “ਮਨੁੱਖ ਦਾ ਪੁੱਤਰ ਲੋਕਾਂ ਦੇ ਹੱਥੀਂ ਫੜਵਾਇਆ ਜਾਏਗਾ, ਅਤੇ ਉਹ ਉਸਨੂੰ
ਮਾਰ ਦੇਣਗੇ।ਉਸਦੇ ਮਾਰੇ ਜਾਣ ਦੇ ਬਾਅਦ ਉਹ ਤੀਸਰੇ ਦਿਨ ਜੀ ਉੱਠੇਗਾ। 32
**ਉਹ** ਲੋਕ ਇਸ ਗੱਲ ਨੂੰ ਨਹੀਂ ਸਮਝ ਸਕੇ ਅਤੇ ਪੁੱਛਣ ਤੋਂ ਡਰਦੇ ਵੀ ਸਨ। 33
**ਫਿਰ** ਯਿਸੂ ਕਫ਼ਰਨਾਹੂਮ ਪਹੁੰਚੇ, ਘਰ ਵਿੱਚ ਆ ਕੇ ਉਸਨੇ ਉਨ੍ਹਾਂ ਤੋਂ ਪੁੱਛਿਆ,
“ਤੁਸੀਂ ਰਸਤੇ ਵਿੱਚ ਆਪਸ ਵਿੱਚ ਕੀ ਵਿਵਾਦ ਕਰ ਰਹੇ ਸੀ?” 34 **ਪਰ** ਉਹ
ਚੁੱਪ ਰਹੇ,ਇਸ ਲਈ ਕਿ ਉਹ ਆਪਸ ਵਿੱਚ ਬਹਿਸ ਕਰ ਰਹੇ ਸਨ ਕੀ ਉਹਨਾਂ
ਵਿੱਚੋਂ ਕੌਣ ਵੱਡਾ ਹੈ। 35 **ਯਿਸੂ** ਨੇ ਉਨ੍ਹਾਂ ਬਾਰ੍ਹਾਂ ਨੂੰ ਸੱਦ ਕੇ ਉਨ੍ਹਾਂ ਨੂੰ ਕਿਹਾ, ਜੇਕਰ
ਕੋਈ ਵਿਅਕਤੀ ਪਹਿਲਾ ਬਣਨਾ ਚਾਹੁੰਦਾ ਹੈ ਤਾਂ ਉਸਨੂੰ ਆਖਰੀ ਅਤੇ ਸਭ ਦਾ
ਸੇਵਕ ਬਣਨਾ ਚਾਹੀਦਾ ਹੈ। 36 **ਇੱਕ** ਬੱਚੇ ਨੂੰ ਸਾਹਮਣੇ ਲਿਆ ਕੇ ਅਤੇ ਉਸਨੂੰ

ਆਪਣੀਆਂ ਬਾਹਾਂ ਵਿੱਚ ਲੈ ਕੇ ਯਿਸੂ ਨੇ ਕਿਹਾ, 37 **ਜੋ** ਕੋਈ ਇਸ ਤਰ੍ਹਾਂ ਦੇ ਇੱਕ
ਬੱਚੇ ਨੂੰ ਮੇਰੇ ਨਾਮ ਦੇ ਵਿੱਚ ਅਪਣਾਉਂਦਾ ਹੈ,ਉਹ ਮੈਨੂੰ ਅਪਣਾਉਂਦਾ ਹੈ ਅਤੇ ਜੋ ਮੈਨੂੰ
ਅਪਣਾਓਂਦਾ ਹੈ ਉਹ ਮੈਨੂੰ ਨਹੀਂ ਸਗੋਂ ਮੇਰੇ ਭੇਜਣ ਵਾਲੇ ਨੂੰ ਅਪਣਾਉਂਦਾ ਹੈ। 38
**ਯਹੂੰਨਾ** ਨੇ ਉੱਤਰ ਦਿੱਤਾ, "ਗੁਰੂ ਜੀ ਅਸੀਂ ਇੱਕ ਵਿਅਕਤੀ ਨੂੰ ਦੇਖਿਆ ਜੋ ਸਾਡੇ
ਨਾਲ ਨਹੀ ਹੈ ਪਰ ਉਹ ਤੁਹਾਡੇ ਨਾਮ ਵਿੱਚ ਭੂਤ ਕੱਢ ਰਿਹਾ ਸੀ।ਇਸ ਲਈ ਕਿ
ਉਹ ਸਾਡੇ ਨਾਲ ਨਹੀਂ ਹੈ ਅਸੀਂ ਉਸਨੂੰ ਰੋਕਣ ਦੀ ਕੋਸ਼ਿਸ਼ ਕੀਤੀ। 39 **ਯਿਸੂ** ਨੇ
ਉਨ੍ਹਾਂ ਨੂੰ ਕਿਹਾ, "ਉਸਨੂੰ ਨਾ ਰੋਕੋ, ਕਿਉਂਕਿ ਜੋ ਵਿਅਕਤੀ ਮੇਰੇ ਨਾਮ ਵਿੱਚ
ਅਦਭੁੱਤ ਕੰਮ ਕਰਦਾ ਹੈ, ਛੇਤੀ ਨਾਲ ਮੇਰੇ ਵਿਰੁੱਧ ਕੁਝ ਨਹੀਂ ਕਹੇਗਾ। 40
**ਕਿਉਂਕਿ** ਜੋ ਸਾਡੇ ਵਿਰੁੱਧ ਨਹੀਂ ਉਹ ਸਾਡੇ ਨਾਲ ਹੈ। 41 **ਮੈਂ** ਤੁਹਾਨੂੰ ਸੱਚ
ਕਹਿੰਦਾ ਹਾਂ ਕਿ ਜੋ ਕੋਈ ਇਹ ਜਾਣ ਕੇ ਕਿ ਤੁਸੀਂ ਮਸੀਹ ਦੇ ਹੋ ਤੁਹਾਨੂੰ ਇੱਕ
ਗਿਲਾਸ ਪਾਣੀ ਦਿੰਦਾ ਹੈ, ਉਹ ਆਪਣਾ ਫ਼ਲ ਜਰੂਰ ਪਾਏਗਾ। 42 **ਜੋ** ਕੋਈ ਇੰਨਾਂ
ਛੋਟਿਆਂ ਵਿੱਚੋਂ ਜੋ ਮੇਰੇ ਵਿੱਚ ਵਿਸ਼ਵਾਸ ਰੱਖਦੇ ਹਨ,ਇੱਕ ਦੇ ਲਈ ਰੁਕਾਵਟ ਦਾ
ਕਾਰਨ ਬਣਦਾ ਹੈ,ਉਸਦੇ ਲਈ ਚੰਗਾ ਹੁੰਦਾ ਕਿ ਉਸਦੇ ਗਲ ਵਿੱਚ ਚੱਕੀ ਦਾ ਪੁੜ
ਬੰਨ ਕੇ ਗਹਿਰੇ ਸਮੁੰਦਰ ਵਿੱਚ ਸੁੱਟ ਦਿੱਤਾ ਜਾਂਦਾ। 43 **ਜੇਕਰ** ਤੇਰਾ ਹੱਥ ਤੇਰੇ
ਨਾਸ਼(ਬੁਰਾਈ ਵਿੱਚ ਡਿੱਗਣ) ਦਾ ਕਾਰਨ ਬਣੇ, ਤਾਂ ਉਸਨੂੰ ਕੱਟ ਕੇ ਸੁੱਟ ਦੇ।ਤੇਰੇ
ਲਈ ਚੰਗਾ ਹੈ ਕਿ ਤੂੰ ਟੁੰਡਾ ਹੋ ਕੇ ਸਵਰਗ ਵਿੱਚ ਜਾਏਂ ਬਜਾਏ ਇਸਦੇ ਕਿ ਦੋਵੇਂ
ਹੱਥ ਹੁੰਦਿਆਂ ਹੋਇਆ ਨਰਕ ਦੀ ਪੀੜਾ ਭੋਗੇਂ ਜੋ ਕਦੇ ਖਤਮ ਨਹੀਂ ਹੁੰਦੀ। 44
**ਜਿੱਥੇ** ਕੀੜਾ ਕਦੇ ਨਹੀਂ ਮਰਦਾ ਅਤੇ ਅੱਗ ਕਦੇ ਨਹੀਂ ਬੁੱਝਦੀ। 45 **ਜੇਕਰ** ਤੇਰਾ
ਪੈਰ ਤੇਰੇ ਬੁਰਾਈ ਵਿੱਚ ਡਿੱਗਣ ਦਾ ਕਾਰਨ ਬਣੇ ਤਾਂ ਉਸਨੂੰ ਵੱਢ ਸੁੱਟ।ਤੇਰੇ ਲਈ
ਭਲਾ ਹੈ ਕਿ ਲੰਗੜਾ ਹੋ ਕੇ ਸਵਰਗ ਵਿੱਚ ਜਾਏਂ ਬਜਾਏ ਇਸਦੇ ਕਿ ਦੋਨਾਂ ਪੈਰਾਂ ਦੇ
ਨਾਲ ਨਰਕ ਦਾ ਭਾਗੀ ਬਣੇਂ। 46 **ਜਿੱਥੇ** ਕੀੜਾ ਨਹੀਂ ਮਰਦਾ ਅਤੇ ਅੱਗ ਨਹੀਂ
ਬੁੱਝਦੀ। 47 **ਜੇਕਰ** ਤੇਰੀ ਅੱਖ ਤੈਨੂੰ ਬੁਰਾਈ ਵਿੱਚ ਫਸਾਏ ਤਾਂ ਇਸਨੂੰ ਕੱਢ ਕੇ
ਸੁੱਟ ਦੇ,ਤੇਰੇ ਲਈ ਚੰਗਾ ਹੈ ਕਿ ਤੂੰ ਇੱਕ ਅੱਖ ਦੇ ਨਾਲ ਸਵਰਗ ਵਿੱਚ ਜਾਏਂ ਬਜਾਏ
ਇਸਦੇ ਕਿ ਦੋਵੇਂ ਅੱਖਾਂ ਹੁੰਦਿਆਂ ਹੋਇਆ ਨਰਕ ਵਿੱਚ ਜਾਵੇਂ। 48 **ਜਿੱਥੇ** ਕੀੜਾ
ਕਦੇ ਨਹੀਂ ਮਰਦਾ ਅਤੇ ਅੱਗ ਕਦੇ ਘੱਟ ਨਹੀਂ ਹੁੰਦੀ। 49 **ਹਰ** ਕੋਈ ਅੱਗ ਨਾਲ
ਸਲੂਣਾ ਕੀਤਾ ਜਾਵੇਗਾ। 50 **ਨਮਕ** ਚੰਗਾ ਹੈ ਪਰ ਜੇਕਰ ਨਮਕ ਆਪਣਾ
ਨਮਕੀਨਪਨ ਗੁਆ ਦੇਵੇ ਤਾਂ ਉਸਨੂੰ ਫਿਰ ਤੋਂ ਕਿਵੇਂ ਨਮਕੀਨ ਬਣਾਇਆ ਜਾ
ਸਕੇਗਾ? ਆਪਣੇ ਆਪ ਵਿੱਚ ਨਮਕ ਰੱਖੋ ਅਤੇ ਇੱਕ ਦੂਸਰੇ ਦੇ ਨਾਮ ਮੇਲ ਰੱਖੋ।

---

## ਅਧਿਐਨ

9:1 - ਮੱਤੀ 16:18

9:2 - ਮੱਤੀ 17:1-13

9:6 - ਲੂਕਾ 9:33 ਜਦੋਂ ਸਾਨੂੰ ਪਤਾ ਨਾ ਹੋਵੇ ਕਿ ਕੀ ਕਹਿਣਾ ਹੈ ਤਾਂ ਚੁੱਪ ਹੀ ਰਹਿਣਾ ਚੰਗਾ ਹੈ। ਫਿਰ ਵੀ ਪਤਰਸ ਦੇ ਨਾਸਮਝੀ ਦੇ ਸ਼ਬਦਾਂ ਤੋਂ ਅਸੀਂ ਇਹ ਸਿੱਖਦੇ ਹਾਂ ਕਿ ਚੇਲਿਆਂ ਨੇ ਮੂਸਾ ਅਤੇ ਏਲੀਯਾਹ ਨੂੰ ਪਹਿਚਾਣ ਲਿਆ (ਭਾਂਵੇ ਕਿ ਉਹ ਉਸ ਸਮੇਂ ਜੀਉਂਦੇ ਨਹੀਂ ਸਨ।)

9:12 - ਪ੍ਰਭੂ ਉਨ੍ਹਾਂ ਦਾ ਧਿਆਨ ਪੁਰਾਣੇ ਨੇਮ ਦੇ ਵੱਲ ਖਿੱਚਦੇ ਹਨ। ਯਸਾ 53 ਅਤੇ ਜ਼ਬੂਰ 22 ਦੇ ਵੱਲ ਦੇਖੋ।

9:14-32 - ਇਹ ਮੱਤੀ 17:14-23 ਦਾ ਵੇਰਵਾ ਹੈ।ਮੱਤੀ ਇਸ ਤਰਕ ਨੂੰ ਨਹੀਂ ਦਿੰਦਾ ਹੈ। ਕਿਉਂਕਿ ਚੇਲੇ ਦੁਸ਼ਟ ਆਤਮਾ ਵਾਲੇ ਮੁੰਡੇ ਨੂੰ ਛੁਟਕਾਰਾ ਨਹੀਂ ਦੇ ਸਕੇ ਸਨ ਇਸ ਲਈ ਸ਼ਾਇਦ ਬਹਿਸ ਦਾ ਵਿਸ਼ਾ ਇਹੋ ਸੀ ਕਿ ਕੀ ਯਿਸੂ ਵਿੱਚ ਉਸਨੂੰ ਠੀਕ ਕਰਨ ਦੀ ਯੋਗਤਾ ਹੈ ਸੀ।(ਤੁਲਨਾ 3:20)

9:15 - "ਹੈਰਾਨੀ" ਸ਼ਾਇਦ ਉਹ ਯਿਸੂ ਦੇ ਪ੍ਰਗਟ ਹੋਣ ਦੇ ਕਾਰਨ ਹੈਰਾਨ ਸਨ।

9:16 - ਯਿਸੂ ਬਹਿਸ ਦੇ ਬਾਰੇ ਅਣਜਾਣ ਨਹੀਂ ਸਨ।(ਮੱਤੀ 9:4; ਯਹੂੰਨਾ 1:47-49; 12:24, 25 ; 21:17) ਪਰ ਉਹ ਮੁੰਡੇ ਦੇ ਪਿਤਾ ਨੂੰ ਬੋਲਣ ਦੇ ਲਈ ਹਿੰਮਤ ਦੇ ਰਹੇ ਸਨ।

9:17,18 -ਭੂਤ ਚਬੜਣ ਦੇ ਲੱਛਣਾ ਨੂੰ ਇੱਥੇ ਦੇਖੋ ਆਇਤ 22,23,26

9:22 - ਉਸ ਵਿਅਕਤੀ ਨੇ ਯਿਸੂ ਦੀ ਸ਼ਕਤੀ ਤੇ ਸ਼ੱਕ ਕੀਤਾ ਸੀ। ਕਈ ਵਾਰੀ ਲੋਕ ਮਸੀਹੀਆਂ ਦੀਆਂ ਕਮਜ਼ੋਰੀਆਂ ਨੂੰ ਦੇਖ ਕੇ ਯਿਸੂ ਦੀ ਸ਼ਕਤੀ ਅਤੇ ਅਧਿਕਾਰ ਨੂੰ ਘੱਟ ਸਮਝ ਲੈਂਦੇ ਹਨ।

9:23 - ਫਿਰ ਤੋਂ ਅਸੀਂ ਬਾਈਬਲ ਦੀ ਸਿੱਖਿਆ ਵਿੱਚ ਦੇਖਦੇ ਹਾਂ ਕਿ ਵਿਸ਼ਵਾਸ ਪਰਮੇਸ਼ੁਰ ਦੇ ਲਈ ਕੰਮ ਕਰਨ ਦਾ ਰਾਹ ਤਿਆਰ ਕਰਦਾ ਹੈ। ਸ਼ੱਕ ਦੇ ਨਾਲ ਪ੍ਰਭੂ ਦਾ ਕੰਮ ਰੁਕਦਾ ਹੈ (6:5)। ਵਿਸ਼ਵਾਸ ਦੇ ਨਾਲ ਈਸ਼ਵਰੀ ਸ਼ਕਤੀ ਵੱਧਦੀ ਹੈ।

9:24 - ਵਿਅਕਤੀ ਆਪਣੇ ਵਿਸ਼ਵਾਸ ਦੀ ਕਮਜ਼ੋਰੀ ਨੂੰ ਪਹਿਚਾਣ ਲੈਂਦਾ ਹੈ ਅਤੇ ਇਸਦੇ ਲਈ ਬੇਨਤੀ ਵੀ ਕਰਦਾ ਹੈ (ਆਇਤ 21)। ਯਿਸੂ ਨੇ ਉਸਦੀਆਂ ਦੋਨਾਂ ਪ੍ਰਾਥਨਾਵਾਂ ਦਾ ਉੱਤਰ ਦਿੱਤਾ। ਕੀ ਸਾਰੇ ਵਿਸ਼ਵਾਸੀਆਂ ਦੇ ਸਾਹਮਣੇ ਇਹ ਸੰਘਰਸ਼ ਨਹੀਂ ਹੈ। ਸਹਾਇਤਾ ਉਸੇ ਹੀ ਪ੍ਰਭੂ ਤੋਂ ਮਿਲਦੀ ਹੈ ਜਿਸਨੇ ਉਸ ਵਿਅਕਤੀ ਦੀ ਸਹਾਇਤਾ ਕੀਤੀ। ਇਬ 12:2

9:25 - ਇਹ ਇੱਕ ਦੁਸ਼ਟ ਆਤਮਾ ਸੀ ਜਿਸਨੇ ਬੱਚੇ ਨੂੰ ਗੁੰਗਾ ਅਤੇ ਬਹਿਰਾ ਬਣਾ ਦਿੱਤਾ ਸੀ।ਇਹੀ ਇੱਕ ਘਟਨਾ ਹੈ ਜਿਸ ਵਿੱਚ ਯਿਸੂ ਨੂੰ ਦੁਸ਼ਟ ਆਤਮਾ ਨੂੰ ਹੁਕਮ ਦਿੰਦੇ ਹੋਏ ਹੁਕਮ ਦਿੰਦੇ ਹੋਏ ਦੇਖਦੇ ਹਾਂ ਕਿ ਉਹ ਉਸ ਮੁੰਡੇ ਵਿੱਚ ਦੁਬਾਰਾ ਦਾਖਲ ਨਾ ਹੋਵੇ।ਹਾਲਾਂਕਿ ਅਜਿਹਾ ਸ਼ਾਇਦ ਯਿਸੂ ਨੇ ਦੂਸਰਿਆਂ ਸਮਿਆਂ ਵਿੱਚ ਵੀ ਕੀਤਾ ਹੋਵੇ। ਮੱਤੀ 12:43-45 ਤੋਂ ਪਤਾ ਲੱਗਦਾ ਹੈ ਕਿ ਦੁਸ਼ਟ ਆਤਮਾ ਅਜਿਹਾ ਕਰ ਸਕਦੀ ਹੈ।

9:29 - ਅਜਿਹਾ ਲੱਗਦਾ ਹੈ ਕਿ ਕੁਝ ਦੁਸ਼ਟ ਆਤਮਾਵਾਂ ਦੂਸਰੀਆਂ ਨਾਲੋਂ ਜ਼ਿਆਦਾ ਜ਼ਿੱਦੀ ਹੁੰਦੀਆਂ ਹਨ ਅਤੇ ਨਿੱਕਲਣ ਵਿੱਚ ਸਮਾਂ ਲੈਂਦੀਆਂ ਹਨ।ਮੱਤੀ 12:34-45

9:30-31 - ਇਹ ਸਿੱਖਿਆ ਸਾਰੇ ਸੰਸਾਰ ਦੇ ਲਈ ਸਗੋਂ ਚੇਲਿਆਂ ਦੇ ਲਈ ਸੀ।ਹੁਣ ਇਹ ਸੰਦੇਸ਼ ਦਾ ਕੇਂਦਰ ਹੈ ਜਿਸਨੂੰ ਚੇਲੇ ਸਾਰੇ ਸੰਸਾਰ ਵਿੱਚ ਦੇਣ ਵਾਲੇ ਸਨ।(ਲੂਕਾ 24:45; 1ਕੁਰਿੰ 15:3,4)

9:32 - ਆਇਤ 10, 8:31, 33 ਹਲਾਂਕਿ ਉਹ ਚੇਲੇ ਸਨ, ਪਰ ਉਹ ਆਤਮਿਕ ਗੱਲਾਂ ਵਿੱਚ ਕਮਜ਼ੋਰ ਸਨ-ਜਿਵੇਂ ਕਿ ਅੱਜ ਵੀ ਹਨ। ਪੋਲੁਸ ਦੀ ਅਦਭੁਤ ਪ੍ਰਾਥਨਾਂ ਜੋ ਕਿ ਅਫਸੀਆਂ ਵਿੱਚ ਹੈ ਦੇਖੋ 1:17-19

9:34 - ਲੂਕਾ 22:24 ਦੇਖੋ ਯਿਰ 45:5

9:35 - ਮੱਤੀ 18:4; 20:26-28

9:37 - ਮੱਤੀ 18:5; 10:40

9:38 - ਚੇਲਿਆਂ ਵਿੱਚ ਇਹ ਖ਼ਤਰਾ ਹਮੇਸ਼ਾਂ ਬਣਿਆ ਰਹਿੰਦਾ ਸੀ ਕਿ ਉਨ੍ਹਾਂ ਦਾ ਝੁੰਡ ਸਹੀ ਹੈ ਅਤੇ ਬਾਕੀ ਸਭ ਗਲਤ। ਇਹ ਰੱਵਈਆ ਜੋ ਦੂਸਰਿਆਂ ਨੂੰ ਅਯੋਗ ਅਤੇ ਨਾਲਾਇਕ ਸਮਝਦਾ ਹੈ,ਵਿਸ਼ਵਾਸੀ ਦੇ ਮਨ ਵਿੱਚ ਰਹਿਣਾ ਹੀ ਨਹੀਂ ਚਾਹੀਦਾ ਹੈ। ਤੁਲਨਾ ਕਰੋ ਗਿਣਤੀ 11:25-29, ਕੁਲ 1:10-13

**9:40 -** ਇਹ ਮੱਤੀ 10:30 ਦਾ ਦੂਸਰਾ ਹਿੱਸਾ ਹੈ
9:41 - ਮੱਤੀ 10:40-42
9:42-46 - ਮੱਤੀ 18:6-9, 5:29,30
9:48 - ਯਸਾਯਾਹ 66:24

ਨਰਕ ਦੀ ਤੁਲਨਾ ਕੂੜੇ ਦੇ ਅਜਿਹੇ ਢੇਰ ਨਾਲ ਕੀਤੀ ਜਾ ਸਕਦੀ ਹੈ ਜਿੱਥੇ ਸਰੀਰ ਨੂੰ ਕੀੜੇ ਖਾਂਦੇ ਹਨ ਅਤੇ ਅੱਗ ਬੱਲਦੀ ਰਹਿੰਦੀ ਹੈ। ਯਰੂਸ਼ਲਮ ਦੀ ਦੀਵਾਰ ਤੋਂ ਬਾਹਰ ਗੇਹੰਨਾਂ ਘਾਟੀ ਇਸੇ ਪ੍ਰਕਾਰ ਦੀ ਸੀ। ਗੇਹੰਨਾਂ ਦਾ ਹੀ ਅਨੁਵਾਦ ਨਰਕ ਹੈ, ਨਵੇਂ ਨਿਯਮ ਵਿੱਚ ਬਾਰ-ਬਾਰ (ਮੱਤੀ ਅਤੇ ਮਰਕੁਸ ਵਿੱਚ ਕਈ ਵਾਰ ਲੂਕਾ ਅਤੇ ਯਾਕੂਬ ਦੀ ਪੱਤ੍ਰੀ ਵਿੱਚ ਇੱਕ ਵਾਰ)। ਯਿਸੂ ਨੇ ਪਾਪੀ ਮਨੁੱਖਾਂ ਦੇ ਅੰਤ ਦੀ ਤਸਵੀਰ ਦਿਖਾਈ। ਇਹ ਵੀ ਕਿ ਚੇਤਾਵਨੀ ਨੂੰ ਅਣਦੇਖਾ ਕਰਨਾ ਮੂਰਖਤਾ ਹੈ।ਦੇਖੋ ਮੱਤੀ 5:22; ਲੂਕਾ 16:23,24, ਪ੍ਰਕਾਸ਼ 20:14-15। ਉਹ ਸਾਰੇ ਜੋ ਇਸ ਦੁਨੀਆਂ ਦੇ ਕੂੜੇ ਨੂੰ ਚੁਣਦੇ ਹਨ (ਫਿੱਲਿ 3:8) ਅਤੇ ਯਿਸੂ ਦੁਆਰਾ ਮਿਲਣ ਵਾਲੀ ਮੁਕਤੀ ਨੂੰ ਠੁਕਰਾ ਦਿੰਦੇ ਹਨ,ਇਸੇ ਪ੍ਰਕਾਰ ਦੀ ਸਜਾ ਦੇ ਭਾਗੀ ਹੋਣਗੇ। ਇਹ ਪਰਮੇਸ਼ੁਰ ਦਾ ਸਿੱਧ ਨਿਆਂ ਹੈ।

ਇਸ ਲਈ ਹਰ ਇਨਸਾਨ ਨੂੰ ਆਪਣੇ ਪਾਪਾਂ ਤੋਂ ਤੌਬਾ ਕਰਨੀ ਚਾਹੀਦੀ ਅਤੇ ਉਨ੍ਹਾਂ ਪਾਪਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਜੋ ਸਾਨੂੰ ਨਰਕ ਵੱਲ ਲੈ ਜਾਂਦੇ ਹਨ।

9:49 – ਇਸ ਆਇਤ ਨੂੰ ਅੱਗੇ ਅਤੇ ਪਿੱਛੇ ਦੀਆਂ ਆਇਤਾਂ ਨਾਲ ਮਿਲਾ ਕੇ ਸਮਝਣਾ ਮੁਸ਼ਕਿਲ ਹੈ। ਨਮਕ ਅਤੇ ਅੱਗ ਇੱਥੇ ਇਕੱਠੇ ਇਹ ਸੱਦਣ ਲਈ ਦੱਸੇ ਹਨ ਕਿ ਇਨਸਾਨ ਨੂੰ ਕਿਹੜੀਆਂ ਗੱਲਾਂ ਦੇ ਵਿੱਚੋਂ ਹੋ ਕੇ ਗੁਜ਼ਰਨਾ ਪਵੇਗਾ।ਨਮਕ ਸੜਣ ਤੋਂ ਬਚਾਉਂਦਾ ਹੈ ਅਤੇ ਅੱਗ ਭਸਮ ਕਰਦੀ ਹੈ। ਜੇਕਰ ਇੱਥੇ ਹਰ ਇੱਕ ਦਾ ਮਤਲਬ ਹਰ ਇਨਸਾਨ ਹੈ ਤਾਂ ਇਸ ਆਇਤ ਦਾ ਮਤਲਬ ਹੋ ਸਕਦਾ ਹੈ ਕਿ ਮੁਕਤੀ ਪਾਏ ਹੋਏ ਇਨਸਾਨ ਅੱਗ ਦਾ ਅਨੁਭਵ ਨਰਕ ਵਿੱਚ ਕਰਨਗੇ ਅਤੇ ਮੁਕਤੀ ਪਾਏ ਹੋਏ ਅੱਗ ਦਾ ਅਨੁਭਵ ਹੁਣ ਅਰਥਾਤ ਵਰਤਮਾਨ ਵਿੱਚ ਕਰਨਗੇ ਤਾਂ ਕਿ ਉਹ ਅੱਗ ਨਾਲ ਸ਼ੁੱਧ ਕੀਤੇ ਜਾਣ। (ਜਬੂਰ 66;12; ਮਲਾਕੀ 3:2; 1 ਪਤਰਸ 1:7)

9:50 – ਮੱਤੀ 5:13 ਇੱਥੇ ਨਮਕ ਦਾ ਇਸਤਿਮਾਲ ਯਿਸੂ ਦੇ ਪ੍ਰਤਿ ਸ਼ਾਗਿਰਦੀ ਦੇ ਲਈ ਉਦਹਾਰਨ ਦੇ ਤੌਰ ਤੇ ਕੀਤਾ ਗਿਆ ਹੈ। ਲੂਕਾ 14:34 ਦੀ ਤੁਲਨਾ ਇਸਦੇ ਨਾਲ ਕਰੋ। ਸੱਚੇ ਚੇਲੇ ਦਾ ਚਿੰਨ ਹੈ ਸ਼ਾਂਤੀ (ਤੁਲਨਾ ਕਰੋ ਮੱਤੀ 5:9)

## ਅਧਿਆਏ-10

1 **ਯਿਸੂ** ਉੱਠ ਕੇ ਯਰਦਨ ਨਦੀ ਦੇ ਉਸ ਪਾਰ ਯਹੂਦੀਆ ਦੇ ਇਲਾਕੇ ਵਿੱਚ ਪਹੁੰਚੇ
ਅਤੇ ਲੋਕ ਫਿਰ ਉਨ੍ਹਾਂ ਦੇ ਚੁਫੇਰੇ ਇਕੱਠੇ ਹੋ ਗਏ। 2 **ਯਿਸੂ** ਉਨ੍ਹਾਂ ਨੂੰ ਸਿੱਖਿਆ
ਦੇਣ ਲੱਗੇ 3 **ਇੰਨੇ** ਨੂੰ ਫ਼ਰੀਸੀਆਂ ਨੇ ਉਸਦੇ ਕੋਲ ਆ ਕੇ ਪੁੱਛਿਆ, "ਕੀ ਆਦਮੀ
ਦੇ ਲਈ ਇਹ ਠੀਕ ਹੈ ਕਿ ਉਹ ਆਪਣੀ ਪਤਨੀ ਨੂੰ ਤਲਾਕ ਦੇਵੇ। 4 **ਯਿਸੂ** ਨੇ
ਪੁੱਛਿਆ, "ਮੂਸਾ ਨੇ ਕੀ ਹੁਕਮ ਦਿੱਤਾ ਸੀ?" ਫ਼ਰੀਸੀਆਂ ਨੇ ਉੱਤਰ ਦਿੱਤਾ ਕਿ
ਤਲਾਕਨਾਮਾਂ ਪੂਰਾ ਹੋਣ ਦੇ ਬਾਅਦ ਹੀ ਇੱਕ ਆਦਮੀ ਤਲਾਕ ਦਵੇ। 5 **ਯਿਸੂ** ਨੇ
ਅੱਗੋਂ ਉੱਤਰ ਦਿੱਤਾ ਤੁਹਾਡੇ ਮਨ ਦੀ ਸ਼ਖਤੀ ਦੇ ਕਾਰਨ ਹੀ ਉਸਨੇ ਅਜਿਹਾ ਕਿਹਾ
ਸੀ। 6 **ਪਰ** ਸ਼ੁਰੂਆਤ ਤੋਂ ਹੀ ਪਰਮੇਸ਼ੁਰ ਨੇ ਇਨਸਾਨ ਨੂੰ ਆਦਮੀ ਅਤੇ ਇਸਤਰੀ
ਦੇ ਰੂਪ ਵਿੱਚ ਬਣਾਇਆ ਹੈ। 7 **ਇਸੇ** ਕਾਰਨ ਹੀ ਇੱਕ ਪੁਰਸ਼ ਆਪਣੇ ਮਾਪੇ ਛੱਡ
ਕੇ ਪਤਨੀ ਦੇ ਨਾਲ ਜੁੜੇਗਾ। 8 **ਦੋਵੇਂ** ਇੱਕ ਸਰੀਰ ਹੋ ਜਾਣਗੇ, ਉਸ ਸਮੇਂ ਤੋਂ ਉਹ
ਦੋ ਨਹੀਂ ਸਗੋਂ ਇੱਕ ਸਰੀਰ ਅਖਵਾਉਣਗੇ। 9 **ਇਸ** ਲਈ ਜਿਸਨੂੰ ਪਰਮੇਸ਼ੁਰ ਨੇ
ਜੋੜਿਆ ਹੈ, ਉਸਨੂੰ ਇਨਸਾਨ ਵੱਖਰਿਆਂ ਨਾ ਕਰੇ। 10 **ਘਰ** ਵਿੱਚ ਇਸੇ ਵਿਸ਼ੇ ਤੇ
ਚੇਲਿਆਂ ਨੇ ਸਵਾਲ ਕੀਤੇ। 11 **ਯਿਸੂ** ਨੇ ਉਨ੍ਹਾਂ ਨੂੰ ਕਿਹਾ, "ਜੋ ਆਦਮੀ ਆਪਣੀ
ਪਤਨੀ ਨੂੰ ਛੱਡ ਕੇ ਦੂਸਰੀ ਨਾਲ ਵਿਆਹ ਕਰ ਲੈਂਦਾ ਹੈ ਉਹ ਉਸਦੇ ਨਾਲ ਵਿਭਚਾਰ
ਕਰਦਾ ਹੈ।" 12 **ਜੇਕਰ** ਪਤਨੀ ਆਪਣੇ ਪਤੀ ਨੂੰ ਛੱਡ ਕੇ ਦੂਸਰੇ ਦੇ ਨਾਲ ਵਿਆਹ
ਕਰ ਲੈਂਦੀ ਹੈ, ਤਾਂ ਉਹ ਵਿਭਚਾਰ ਕਰਦੀ ਹੈ। 13 **ਇਸੇ** ਦੌਰਾਨ ਲੋਕ ਛੋਟੇ
ਬੱਚਿਆਂ ਨੂੰ ਯਿਸੂ ਦੇ ਕੋਲ ਲਿਆਏ, ਤਾਂ ਕਿ ਯਿਸੂ ਉਨ੍ਹਾਂ ਨੂੰ ਛੂਹੇ। ਪਰ ਆਉਣ

ਵਾਲਿਆਂ ਨੂੰ ਚੇਲਿਆਂ ਨੇ ਝਿੜਕਿਆ। 14 **ਯਿਸੂ** ਨੂੰ ਇਹ ਦੇਖ ਕੇ ਚੰਗਾ ਨਾ ਲੱਗਾ
ਅਤੇ ਉਸਨੇ ਕਿਹਾ, "ਛੋਟੇ ਬੱਚਿਆਂ ਨੂੰ ਮੇਰੇ ਕੋਲ ਆਉਣ ਦਿਓ, ਉਨ੍ਹਾਂ ਨੂੰ ਮਨ੍ਹਾਂ ਨਾ
ਕਰੋ, ਕਿਉਂਕਿ ਪਰਮੇਸ਼ੁਰ ਦਾ ਰਾਜ ਇਹੋ ਜਿਹੇ ਲੋਕਾਂ ਦਾ ਹੀ ਹੈ। 15 **ਮੈਂ** ਤੁਹਾਨੂੰ
ਸੱਚ ਕਹਿੰਦਾ ਹਾਂ ਕਿ ਜੇਕਰ ਕੋਈ ਪਰਮੇਸ਼ੁਰ ਦੇ ਰਾਜ ਨੂੰ ਛੋਟੇ ਬੱਚੇ ਦੀ ਤਰ੍ਹਾਂ ਨਹੀਂ
ਅਪਣਾਉਂਦਾ ਉਹ ਉਸ ਵਿੱਚ ਦਾਖ਼ਲ ਵੀ ਨਹੀਂ ਹੋਵੇਗਾ। 16 **ਫਿਰ** ਯਿਸੂ ਨੇ
ਬੱਚਿਆਂ ਨੂੰ ਆਪਣੀਆਂ ਬਾਹਾਂ ਵਿੱਚ ਲੈ ਕੇ ਉਨ੍ਹਾਂ ਤੇ ਹੱਥ ਰੱਖ ਕੇ ਆਸ਼ਿਰਵਾਦ
ਦਿੱਤਾ। 17 **ਜਦੋਂ** ਯਿਸੂ ਰਸਤੇ ਵਿੱਚ ਜਾ ਰਹੇ ਸਨ ਤਾਂ ਇੱਕ ਵਿਅਕਤੀ ਨੱਠ ਕੇ
ਉਸਦੇ ਕੋਲ ਆਇਆ ਅਤੇ ਗੋਡੇ ਨਿਵਾਂ ਕੇ ਕਹਿਣ ਲੱਗਾ, "ਭਲੇ ਗੁਰੂ, ਸਵਰਗ ਦੀ
ਪ੍ਰਾਪਤੀ ਲਈ ਮੈਂ ਕੀ ਕਰਾਂ?" 18 **ਯਿਸੂ** ਨੇ ਉਸਨੂੰ ਕਿਹਾ, "ਤੂੰ ਮੈਨੂੰ ਚੰਗਾ ਕਿਉਂ
ਕਹਿ ਰਿਹਾ ਹੈ? ਪਰਮੇਸ਼ੁਰ ਨੂੰ ਛੱਡ ਕੇ ਹੋਰ ਕੋਈ ਵੀ ਭਲਾ ਨਹੀਂ ਹੈ।" 19 **ਤੂੰ**
ਹੁਕਮਾਂ ਨੂੰ ਤਾਂ ਜਾਣਦਾ ਹੈ ਵਿਭਚਾਰ ਨਾ ਕਰਨਾ, ਖ਼ੂਨ ਨਾ ਕਰਨਾ, ਚੋਰੀ ਨਾ
ਕਰਨਾ, ਝੂਠੀ ਗਵਾਹੀ ਨਾ ਦੇਣਾ, ਧੋਖਾ ਨਾ ਕਰਨਾ ਅਤੇ ਆਪਣੇ ਮਾਂ-ਬਾਪ ਦਾ
ਆਦਰ ਕਰਨਾ। 20 **ਉਸਨੇ** ਯਿਸੂ ਨੂੰ ਜਵਾਬ ਵਿੱਚ ਕਿਹਾ, " ਗੁਰੂ ਜੀ! ਇਹ
ਸਭ ਤਾਂ ਮੈਂ ਬਚਪਨ ਤੋਂ ਕਰਦਾ ਆਇਆ ਹਾਂ।" 21 **ਯਿਸੂ** ਨੇ ਪਿਆਰ ਨਾਲ ਭਰ
ਕੇ ਉਸਨੂੰ ਕਿਹਾ, "ਤੇਰੇ ਵਿੱਚ ਇੱਕ ਕਮੀ ਹੈ, ਜਾ ਅਤੇ ਜੋ ਕੁਝ ਤੇਰੇ ਕੋਲ ਹੈ ਵੇਚ
ਦੇ ਅਤੇ ਗਰੀਬਾਂ ਨੂੰ ਵੰਡ ਦੇ।ਤਦ ਤੂੰ ਸਵਰਗ ਦੀ ਦੋਲਤ ਪ੍ਰਾਪਤ ਕਰੇਂਗਾ ਫਿਰ ਆ
ਅਤੇ ਮੇਰੇ ਚੱਲ। 22 **ਇਹ** ਸੁਣ ਕੇ ਉਹ ਵਿਅਕਤੀ ਦੁਖੀ ਹੋਇਆ ਅਤੇ ਉਸੇ
ਹਾਲਤ ਦੇ ਵਿੱਚ ਘਰ ਚਲਾ ਗਿਆ,ਕਿਉਂਕਿ ਉਹ ਬਹੁਤ ਅਮੀਰ ਸੀ। 23 **ਚਾਰੇ**
ਪਾਸੇ ਦੇਖ ਕੇ ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ, "ਜੋ ਲੋਕ ਅਮੀਰ ਨੇ ਉਨ੍ਹਾਂ
ਲਈ ਸਵਰਗ ਦੇ ਰਾਜ ਵਿੱਚ ਦਾਖ਼ਲ ਹੋਣਾ ਕਿੰਨਾ ਕਠਿਨ ਹੈ।" 24 **ਚੇਲੇ** ਯਿਸੂ
ਦੀਆਂ ਗੱਲਾਂ ਤੋਂ ਹੈਰਾਨ ਹੋ ਰਹੇ ਸਨ ਪਰ ਯਿਸੂ ਨੇ ਫਿਰ ਕਿਹਾ, "ਬੱਚਿਓ! ਜੋ
ਦੋਲਤ ਤੇ ਭਰੋਸਾ ਰੱਖਦੇ ਹਨ ਉਨ੍ਹਾਂ ਦਾ ਸਵਰਗ ਦੇ ਰਾਜ ਵਿੱਚ ਦਾਖ਼ਲ ਹੋਣਾ ਕਿੰਨਾ
ਮੁਸ਼ਕਿਲ ਹੈ।" 25 **ਇੱਕ** ਊਠ ਦਾ ਸੂਈ ਦੇ ਨੱਕੇ ਵਿੱਚੋਂ ਲੰਘਣਾ ਸੌਖਾ ਹੈ ਪਰ
ਇੱਕ ਅਮੀਰ ਦਾ ਸਵਰਗ ਰਾਜ਼ ਵਿੱਚ ਦਾਖ਼ਿਲ ਹੋਣਾ ਔਖਾ ਹੈ। 26 **ਹੈਰਾਨ** ਹੋਏ
ਚੇਲੇ ਆਪਸ ਵਿੱਚ ਕਹਿਣ ਲੱਗੇ, "ਤਾਂ ਫਿਰ ਮੁਕਤੀ ਕੌਣ ਪਾ ਸਕਦਾ ਹੈ?" 27
**ਉਨ੍ਹਾਂ** ਦੀ ਵੱਲ ਦੇਖਦੇ ਹੋਏ ਯਿਸੂ ਬੋਲੇ, "ਮਨੁੱਖ ਲਈ ਇਹ ਕੰਮ ਮੁਸ਼ਕਿਲ ਹੈ ਪਰ
ਪਰਮੇਸ਼ੁਰ ਤਾਂ ਸਭ ਕੁਝ ਕਰ ਸਕਦਾ ਹੈ।" 28 **ਪਤਰਸ** ਯਿਸੂ ਨੂੰ ਕਹਿਣ ਲੱਗਾ,
"ਦੇਖੋ ਸਭ ਕੁਝ ਛੱਡ ਕੇ ਅਸੀਂ ਤੁਹਾਡੇ ਹੋ ਗਏ ਹਾਂ।" 29 **ਯਿਸੂ** ਨੇ ਉੱਤਰ
ਦਿੱਤਾ, "ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਅਜਿਹਾ ਕੋਈ ਨਹੀਂ ਹੈ, ਜਿਸਨੇ ਮੇਰੇ
ਅਤੇ ਮੇਰੀ ਖੁਸ਼ਖ਼ਬਰੀ ਲਈ ਘਰ, ਭੈਣ ਭਰਾ ਜਾਂ ਮਾਂ ਜਾਂ ਪਤਨੀ ਜਾਂ ਬੱਚੇ ਜਾਂ
ਜਮੀਨ ਜਾਇਦਾਦ ਛੱਡੇ ਹੋਣ। 30 **ਅਤੇ** ਇਸ ਦੁਨੀਆਂ ਵਿੱਚ ਸੌ ਗੁਣਾ ਨਾ ਪਾਏ

(ਘਰ, ਭਰਾ, ਭੈਣਾਂ, ਮਾਤਾ, ਬੱਚੇ ਅਤੇ ਖੇਤ-ਉਹਨਾਂ ਦੇ ਨਾਲ ਤਸੀਹੇ) ਅਤੇ ਆਉਣ
ਵਾਲੇ ਯੁੱਗ ਵਿੱਚ ਸਦੀਪਕ ਜੀਵਨ। 31 **ਪਰ** ਜੋ ਪਹਿਲੇ ਹਨ ਪਿਛਲੇ ਕੀਤੇ ਜਾਣਗੇ
ਅਤੇ ਪਿਛਲੇ ਵਾਲੇ ਪਹਿਲੇ। 32 **ਉਹ** ਯਰੂਸ਼ਲਮ ਦੇ ਵੱਲ ਰਾਹ ਤੇ ਜਾ ਰਹੇ ਸਨ
ਅਤੇ ਯਿਸੂ ਉਨ੍ਹਾਂ ਦੇ ਅੱਗੇ ਸਨ, ਉਹ ਹੈਰਾਨ ਸਨ ਅਤੇ ਉਨ੍ਹਾਂ ਦੇ ਪਿੱਛੇ ਚੱਲਣ ਵਾਲੇ
ਡਰੇ ਹੋਏ ਸਨ। ਯਿਸੂ ਨੇ ਬਾਰ੍ਹਾਂ ਨੂੰ ਅਲੱਗ ਬੁਲਾਇਆ ਅਤੇ ਉਹਨਾਂ ਨੂੰ ਉਹ ਸਭ
ਦੱਸਣ ਲੱਗੇ ਜੋ ਉਨ੍ਹਾਂ ਨਾਲ ਹੋਣ ਵਾਲਾ ਸੀ। 33 **ਦੇਖੋ** ਅਸੀਂ ਯਰੂਸ਼ਲਮ ਜਾ ਰਹੇ
ਹਾਂ ਅਤੇ ਮੈਂ (ਮਨੁੱਖ ਦਾ ਪੁੱਤਰ) ਪ੍ਰਧਾਨ ਜਾਜਕਾਂ ਅਤੇ ਗ੍ਰੰਥੀਆਂ ਹੱਥ ਸੌਂਪਿਆਂ
ਜਾਵਾਂਗਾ।ਉਹ ਲੋਕ ਮੈਨੂੰ ਮੌਤ ਦੀ ਸਜ਼ਾ ਦੇਣਗੇ ਅਤੇ ਗੈਰ ਯਹੂਦੀਆ ਦੇ ਹੱਥ ਸੌਂਪ
ਦੇਣਗੇ। 34 **ਉਹ** ਉਸਦਾ ਮਜ਼ਾਕ ਬਣਾਕੇ ਕੋੜੇ ਮਾਰਨਗੇ, ਥੁੱਕਣਗੇ ਅਤੇ ਮਾਰ
ਦੇਣਗੇ। 35 **ਜ਼ਬਦੀ** ਦਾ ਪੁੱਤਰ ਯਾਕੂਬ ਤੇ ਯਹੂੰਨਾ ਬੋਲੇ, "ਗੁਰੂ ਜੀ, ਅਸੀਂ
ਚਾਹੁੰਦੇ ਹਾਂ ਕਿ ਸਾਡੀ ਮਰਜ਼ੀ ਦੇ ਅਨੁਸਾਰ ਹੀ ਤੁਸੀਂ ਸਾਡੇ ਲਈ ਕਰੋ।" 36
**ਯਿਸੂ** ਨੇ ਪੁੱਛਿਆ, "ਤੁਸੀਂ ਕੀ ਚਾਹੁੰਦੇ ਹੋ ਕਿ ਮੈਂ ਤੁਹਾਡੇ ਲਈ ਕਰਾਂ? 37 **ਉਹ**
ਬੋਲੇ, "ਸਾਨੂੰ ਆਪਣੇ ਰਾਜ ਦੀ ਮਹਿਮਾ ਦੇ ਸਮੇਂ ਇੱਕ ਨੂੰ ਆਪਣੇ ਸੱਜੇ ਅਤੇ ਦੂਜੇ
ਨੂੰ ਖੱਬੇ ਬੈਠਣ ਦਾ ਅਧਿਕਾਰ ਦਿਓ।" 38 **ਪਰ** ਯਿਸੂ ਨੇ ਕਿਹਾ, ਤੁਸੀਂ ਨਹੀਂ
ਜਾਣਦੇ ਕਿ ਤੁਸੀਂ ਕੀ ਮੰਗ ਰਹੇ ਹੋ। ਕੀ ਤੁਸੀਂ ਉਹ ਪਿਆਲਾ ਪੀ ਸਕੋਗੇ, ਜੋ ਮੈਂ
ਪੀਣ ਜਾ ਰਿਹਾ ਹਾਂ? ਅਤੇ ਜੋ ਬਪਤਿਸਮਾ ਮੈਂ ਲੈਣ ਵਾਲਾ ਹਾਂ ਕੀ ਤੁਸੀਂ ਉਸਨੂੰ ਲੈ
ਸਕਦੇ ਹੋ? 39 **ਉਹ** ਕਹਿਣ ਲੱਗੇ, ਹਾਂ ਅਸੀਂ ਕਰ ਸਕਦੇ ਹਾਂ।ਯਿਸੂ ਨੇ ਉਨ੍ਹਾਂ ਨੂੰ
ਕਿਹਾ,ਜਰੂਰ ਤੁਸੀਂ ਉਹ ਪਿਆਲਾ ਪੀਉਗੇ ਜੋ ਮੈਂ ਪੀਣ ਜਾ ਰਿਹਾ ਹਾਂ ਅਤੇ ਜੋ
ਬਪਤਿਸਮਾ ਮੈਂ ਲੈਣ ਵਾਲਾ ਹਾਂ ਬਪਤਿਸਮਾ ਵੀ ਲਵੋਗੇ। 40 **ਇਹ** ਮੇਰੇ ਹੱਥ ਵਿੱਚ
ਨਹੀਂ ਹੈ ਕਿ ਕਿਸ ਨੂੰ ਆਪਣੇ ਸੱਜੇ ਅਤੇ ਖੱਬੇ ਬਿਠਾਵਾਂ ਪਰ ਇਹ ਜਿਸ ਲਈ
ਤਿਆਰ ਕੀਤਾ ਗਿਆ ਹੈ ਉਹ ਉਸ ਨੂੰ ਹੀ ਮਿਲੇਗਾ। 41 **ਇਹ** ਗੱਲ ਜਦ ਬਾਕੀ
ਚੇਲਿਆਂ ਨੇ ਸੁਣੀ,ਉਹ ਯਾਕੂਬ ਅਤੇ ਯਹੂੰਨਾ ਤੋਂ ਬਹੁਤ ਨਾਰਾਜ਼ ਹੋਏ। 42 **ਪਰ**
ਯਿਸੂ ਨੇ ਉਨ੍ਹਾਂ ਨੂੰ ਆਪਣੇ ਕੋਲ ਸੱਦ ਕੇ ਕਿਹਾ, "ਤੁਸੀਂ ਜਾਣਦੇ ਹੋ ਕਿ ਜੋ ਗ਼ੈਰ
ਯਹੂਦੀਆ ਵਿੱਚ ਹਾਕਮ ਹਨ ਉਹ ਲੋਕਾਂ ਤੇ ਆਪਣਾ ਅਧਿਕਾਰ ਜਮਾਉਂਦੇ ਅਤੇ
ਉਨ੍ਹਾਂ ਤੇ ਅਧਿਕਾਰ ਰੱਖਣ ਵਾਲੇ ਉਹਨਾਂ ਤੇ ਸ਼ਾਸਨ ਕਰਦੇ ਹਨ। 43 **ਤੁਹਾਡੇ**
ਵਿੱਚ ਅਜਿਹਾ ਨਹੀਂ ਹੋਣਾ ਚਾਹੀਦਾ ਹੈ ਤੁਹਾਡੇ ਵਿੱਚੋਂ ਜੋ ਕੋਈ ਦੂਜਿਆਂ ਤੋਂ ਵੱਡਾ
ਬਨਣਾ ਚਾਹੇ, ਪਹਿਲਾਂ ਉਹ ਦੂਜਿਆਂ ਦਾ ਸੇਵਕ ਬਣੇ। 44 **ਜੇ** ਕੋਈ ਤੁਹਾਡੇ ਵਿੱਚੋਂ
ਪ੍ਰਧਾਨ ਬਨਣਾ ਚਾਹੇ, ਉਹ ਪਹਿਲਾਂ ਸਾਰਿਆਂ ਦਾ ਦਾਸ ਬਣੇ। 45 **ਮਨੁੱਖ** ਦਾ
ਪੁੱਤਰ ਵੀ ਸੇਵਾ ਕਰਵਾਉਣ ਨਹੀਂ ਆਇਆ, ਉਹ ਸੇਵਾ ਕਰਨ ਅਤੇ ਬਹੁਤਿਆਂ
ਲੋਕਾਂ ਦੇ ਮੁਕਤੀ ਦੇ ਮੁੱਲ ਲਈ ਆਪਣੀ ਜਾਨ ਦੇਣ ਲਈ ਆਇਆ ਹੈ। 46 **ਉਹ**
ਸਾਰੇ ਯਰੀਹੋ ਆਏ।ਜਦੋਂ ਉਹ ਆਪਣੇ ਚੇਲਿਆਂ ਦੇ ਨਾਲ ਯਰੀਹੋ ਛੱਡਣ ਵਾਲੇ ਸਨ,

ਰਸਤੇ ਵਿੱਚ ਤਿਮਾਈ ਦਾ ਪੁੱਤਰ ਬਰਤਿਮਾਈ ਇੱਕ ਅੰਨ੍ਹਾਂ ਸੜਕ ਦੇ ਕੰਢੇ ਬੈਠਾ ਭੀਖ ਮੰਗ ਰਿਹਾ ਸੀ।
47 **ਜਦੋਂ** ਉਸ ਨੂੰ ਇਹ ਪਤਾ ਲੱਗਾ ਕਿ ਨਾਸਰੀ ਯਿਸੂ ਉਸੇ ਰਸਤੇ ਲੰਘ ਰਹੇ ਹਨ, ਤਾਂ ਉਹ ਉੱਚੀ ਆਵਾਜ਼ ਨਾਲ ਪੁਕਾਰ ਕੇ ਕਹਿਣ ਲੱਗਾ, "ਹੇ!ਯਿਸੂ ਦਾਊਦ ਦੇ ਪੁੱਤਰ ਮੇਰੇ ਉੱਤੇ ਦਇਆ ਕਰ।"
48 **ਬਹੁਤਿਆਂ** ਨੇ ਉਸਨੂੰ ਝਿੜਕਿਆਂ ਅਤੇ ਚੁੱਪ ਰਹਿਣ ਲਈ ਕਿਹਾ,ਪਰ ਉਹ ਹੋਰ ਉੱਚੀ ਆਵਾਜ਼ ਨਾਲ ਚੀਖਿਆ, "ਦਾਊਦ ਦੇ ਪੁੱਤਰ ਮੇਰੇ ਉੱਤੇ ਦਇਆ ਕਰ।"
49 **ਯਿਸੂ** ਰੁੱਕ ਗਏ ਅਤੇ ਆਗਿਆ ਦਿੱਤੀ ਕਿ ਉਸ ਨੂੰ ਉਨ੍ਹਾਂ ਕੋਲ ਲਿਆਂਦਾ ਜਾਏ।ਲੋਕਾਂ ਨੇ ਅੰਨ੍ਹੇ ਆਦਮੀ ਨੂੰ ਸੱਦ ਕੇ ਕਿਹਾ, "ਹਿੰਮਤ ਰੱਖ ਤੇ ਉੱਠ ਯਿਸੂ ਤੈਨੂੰ ਬੁਲਾਉਂਦਾ ਹੈ।
50 **ਆਪਣੇ** ਉੱਤੇ ਦੇ ਕੱਪੜੇ ਨੂੰ ਇੱਕ ਪਾਸੇ ਸੁੱਟ ਕੇ ਉਹ ਉੱਠਿਆ ਅਤੇ ਯਿਸੂ ਦੇ ਕੋਲ ਆ ਗਿਆ।
51 **ਯਿਸੂ** ਨੇ ਉਸਨੂੰ ਪੁੱਛਿਆ, " ਤੂੰ ਕੀ ਚਾਹੁੰਦਾ ਹੈ ਕਿ ਮੈਂ ਤੇਰੇ ਲਈ ਕਰਾਂ?" ਅੰਨ੍ਹੇ ਆਦਮੀ ਨੇ ਕਿਹਾ, "ਗੁਰੂ ਜੀ, ਮੈਂ ਵੇਖਣਾ ਚਾਹੁੰਦਾ ਹਾਂ।"
52 **ਯਿਸੂ** ਨੇ ਕਿਹਾ, "ਜਾ ਤੇਰੇ ਵਿਸ਼ਵਾਸ ਨੇ ਤੈਨੂੰ ਚੰਗਾ ਕਰ ਦਿੱਤਾ ਹੈ।" ਉਸੇ ਸਮੇਂ ਉਹ ਦੇਖਣ ਲੱਗਾ ਅਤੇ ਯਿਸੂ ਦੇ ਨਾਲ ਚੱਲ ਪਿਆ।

---

ਅਧਿਐਨ

10:1-16 - ਦੇਖੋ ਮੱਤੀ 19:1-5

10:1- ਦੇਖੋ 2:13; 4:2; 6:6,34; ਮੱਤੀ 4:23; ਜ਼ਬੂਰ 24:4,5।ਯਿਸੂ ਮਸੀਹ ਦੀ ਖੁਸ਼ੀ ਹੁਣ ਵੀ ਇਹੀ ਹੈ ਕਿ ਲੋਕ ਸੱਚਿਆਈ ਸਿੱਖਣ ।

10:15 - ਮੱਤੀ 18:3

10:17-31 - ਮੱਤੀ 19:16-30 ਦੇ ਨੋਟਸ ਦੇਖੋ।

10:17 - ਉਹ ਬੜੇ ਜੋਸ਼ ਨਾਲ ਅਤੇ ਭੁੱਖਾ ਤਿਹਾਇਆ ਆਇਆ ਸੀ ਪਰ ਦੁਖੀ ਹੋ ਕੇ ਵਾਪਸ ਚਲਾ ਗਿਆ।(ਆਇਤ 22)

10:21 - ਯਿਸੂ ਇਸ ਆਦਮੀ ਦੇ ਸਾਹਮਣੇ ਕਠੋਰ ਪ੍ਰੀਖਿਆ ਰੱਖਦੇ ਹਨ।ਇਵੇਂ ਯਿਸੂ ਨੇ ਇਸ ਲਈ ਕੀਤਾ,ਕਿਉਂਕਿ ਉਨ੍ਹਾਂ ਦਾ ਮਨ ਉਸ ਲਈ ਪਿਆਰ ਨਾਲ ਭਰ ਗਿਆ ਸੀ। ਉਹ ਉਸਦੀ ਭਲਿਆਈ ਸੋਚ ਰਹੇ ਸਨ। ਸਾਨੂੰ ਇਹ ਜਾਨਣ ਦੀ ਲੋੜ ਹੈ ਕਿ ਜਦੋਂ ਕਦੀ ਯਿਸੂ ਸਾਨੂੰ ਕੋਈ ਮੁਸ਼ਕਿਲ ਕੰਮ ਕਹਿੰਦੇ ਹਨ ਤਾਂ ਉਹ ਇਹ ਇਸ ਲਈ ਕਰਦੇ ਹਨ ਕਿਉਂਕਿ ਉਹ ਸਾਨੂੰ ਪਿਆਰ ਕਰਦੇ ਹਨ ਅਤੇ ਸਾਨੂੰ ਉਸੇ ਪ੍ਰਕਾਰ ਹੀ ਕਰਨ ਦੀ ਲੋੜ ਹੈ ।

10:22 - ਯਿਸੂ ਮਸੀਹ ਅਤੇ ਸਦੀਪਕ ਜੀਵਨ ਤੋਂ ਵੱਧ ਕੇ ਇਸ ਆਦਮੀ ਨੇ ਉਸ ਉੱਤੇ ਭਰੋਸਾ ਰੱਖਿਆ ਹੋਇਆ ਸੀ ਜੋ ਉਸਦੇ ਕੋਲ ਸੀ।ਪਰਮੇਸ਼ੁਰ ਕਿਸੇ ਨੂੰ ਵੀ ਕੀਮਤੀ ਚੀਜ਼ ਕਿਵੇਂ ਦੇ ਸਕਦਾ ਹੈ ਜਦੋਂ ਕੋਈ ਉਸਦੀ ਕੀਮਤ ਨੂੰ ਹੀ ਨਾ ਸਮਝੇ? (ਤੁਲਨਾ ਕਰੋ ਕਹਾ 4:7; ਲੂਕਾ 14:33)

10:24 - "ਬੱਚਿਓ" ਆਪਣੇ ਚੇਲਿਆਂ ਨੂੰ ਜੋ ਵੱਡੇ ਹੋ ਚੁੱਕੇ ਸਨ, ਯਿਸੂ ਬੱਚੇ ਆਖਦੇ ਹਨ ਕਿਉਂਕਿ ਆਤਮਿਕ ਤੌਰ ਤੇ ਚੇਲੇ ਉਨ੍ਹਾਂ ਦੇ ਬੱਚੇ ਹੀ ਹਨ। ਦੇਖੋਂ(ਮੱਤੀ 10:42; 10:30 ਜੋ ਯਿਸੂ ਨੂੰ ਸਵੀਕਾਰ ਕੇ ਅੱਗੇ ਵੱਧਦੇ ਹਨ,ਉਨ੍ਹਾਂ ਦੇ ਜੀਵਨ ਵਿੱਚ ਦੁੱਖ ਹੋਵੇਗਾ ਮੱਤੀ 11:19; ਲੂਕਾ 11:29, 3:4; 2ਤਿਮੋ 3:12) ਪਰ ਉਸ ਦੀ ਤੁਲਨਾ ਉਸ ਵੱਡੀ ਸ਼ਾਨ ਵਾਲੇ ਜੀਵਨ ਨਾਲ ਨਹੀਂ ਕੀਤੀ ਜਾ ਸਕਦੀ ਹੈ ਜੋ ਭਵਿੱਖ ਵਿੱਚ ਸਾਡੇ ਲਈ ਹੈ ਰੋਮੀ 8:18; 2ਕੁੰਰਿ 4:17।

10:32-45 - ਮੱਤੀ 20:17-28

10:32 - ਯਿਸੂ ਦੇ ਜੀਵਨ ਅਤੇ ਚਿਹਰੇ ਵਿੱਚ ਕੁਝ ਅਜਿਹਾ ਸੀ ਕਿ ਉਸ ਦੇ ਚੇਲਿਆਂ ਨੂੰ ਵੀ ਹੈਰਾਨੀ ਹੋਈ।

10:34 - ਤੁਲਨਾ ਕਰੋ ਲੂਕਾ 9:51,ਯਸਾ 50:7

10:35 - ਉਨ੍ਹਾਂ ਦੀ ਮਾਂ ਉਨ੍ਹਾਂ ਦੇ ਨਾਲ ਸੀ ਮਾਂ ਨਾਲ ਮਿਲ ਕੇ ਉਨ੍ਹਾਂ ਇਹ ਬੇਨਤੀ ਕੀਤੀ (ਮੱਤੀ 20:20,21)

10:38- "ਪਿਆਲੇ" ਦੀ ਤਰ੍ਹਾਂ "ਬਪਤਿਸਮੇ" ਸ਼ਬਦ ਨੂੰ ਵੀ ਇੱਕ ਸੰਕੇਤ ਦੀ ਤਰ੍ਹਾਂ ਵਰਤਿਆ ਗਿਆ ਹੈ।ਇੱਥੇ ਪਾਣੀ ਦੇ ਬਪਤਿਸਮੇ ਦੀ ਗੱਲ ਨਹੀਂ ਕੀਤੀ ਜਾ ਰਹੀ ਹੈ।ਇੱਥੇ ਦੁੱਖ ਅਤੇ ਪੀੜ ਵਿੱਚ ਡੁੱਬਣ ਦੀ ਗੱਲ ਹੋ ਰਹੀ ਹੈ।(ਤੁਲਨਾ ਕਰੋ ਲੂਕਾ 12:50)

10:46-52 - ਮੱਤੀ 20:29-34 ਮੱਤੀ ਦੱਸਦਾ ਹੈ ਕਿ ਦੋ ਅੰਨ੍ਹੇ ਇਸ ਸਮੇਂ ਠੀਕ ਹੋਏ ਸਨ। ਉਹਨਾਂ ਵਿੱਚੋਂ ਇੱਕ ਨੂੰ ਮਰਕੁਸ ਖਾਸ ਸਥਾਨ ਦਿੰਦਾ ਹੈ (ਤੁਲਨਾ ਕਰੋ 5:12)

10:51 - ਇਬਰਾਨੀ ਸ਼ਬਦ '**ਰੱਬੀ**' ਦਾ ਅਰਥ ਹੈ 'ਮੇਰੇ ਗੁਰੂ'

10:52 - ਇੱਥੇ ਅਸੀਂ ਵਿਸ਼ਵਾਸ ਦੀ ਤਾਕਤ ਨੂੰ ਦੇਖਦੇ ਹਾਂ (9:23; ਮੱਤੀ 8:13; 9:22,29)।

1 **ਜਦੋਂ** ਉਹ ਯਰੂਸ਼ਲਮ ਦੇ ਕੋਲ ਬੈਤਫ਼ਗਾ ਅਤੇ ਬੈਤਨੀਆਂ ਪਹੁੰਚੇ, ਜੈਤੂਨ ਪਹਾੜ
ਤੇ ਯਿਸੂ ਨੇ ਦੋ ਚੇਲਿਆਂ ਨੂੰ ਭੇਜਿਆ। 2 **ਉਸਨੇ** ਕਿਹਾ ਕਿ ਸਾਹਮਣੇ ਵਾਲੇ ਨਗਰ
ਵਿੱਚ ਜਾਉ। ਜਿਵੇਂ ਹੀ ਤੁਸੀਂ ਉੱਥੇ ਪਹੁੰਚੋ, ਤੁਸੀਂ ਇੱਕ ਗਧੀ ਦੇ ਬੱਚੇ ਨੂੰ ਜਿਸ
ਉੱਤੇ ਕਦੇ ਕੋਈ ਨਹੀਂ ਬੈਠਾ, ਬੰਨ੍ਹਿਆਂ ਹੋਇਆ ਪਾਉਗੇ।ਉਸਨੂੰ ਖੋਲ੍ਹ ਕੇ ਲੈ ਆਉ।
3 **ਜੇਕਰ** ਕੋਈ ਤੁਹਾਨੂੰ ਕਹੇ ਤੁਸੀਂ ਕੀ ਕਰ ਰਹੇ ਹੋ? ਤਾਂ ਕਹਿਣਾ ਕਿ ਪ੍ਰਭੂ ਨੂੰ
ਇਸਦੀ ਲੋੜ ਹੈ, ਉਹ ਤੁਰੰਤ ਤੁਹਾਨੂੰ ਲੈਣ ਦੇਵੇਗਾ। 4 **ਉਹ** ਲੋਕ ਉੱਥੋਂ ਤੁਰ ਪਏ
ਅਤੇ ਉੱਥੇ ਪਹੁੰਚਣ ਤੇ ਦਰਵਾਜ਼ੇ ਦੇ ਕੋਲ ਗਧੀ ਦੇ ਬੱਚੇ ਨੂੰ ਬੰਨ੍ਹਿਆਂ ਹੋਇਆ
ਦੇਖਿਆ ਅਤੇ ਉਸਨੂੰ ਖੋਲਿਆ। 5 **ਉੱਥੇ** ਖੜੇ ਲੋਕਾਂ ਨੇ ਉਨ੍ਹਾਂ ਨੂੰ ਪੁੱਛਿਆ, "ਤੁਸੀਂ
ਗਧੀ ਦੇ ਬੱਚੇ ਨੂੰ ਕਿਉਂ ਖੋਲ ਰਹੇ ਹੋ?" 6 **ਜਦੋਂ** ਉਨ੍ਹਾਂ ਨੇ ਯਿਸੂ ਦੇ ਹੁਕਮ ਦੇ ਬਾਰੇ
ਦੱਸਿਆ ਤਾਂ ਉਨ੍ਹਾਂ ਲੋਕਾਂ ਨੇ ਉਨ੍ਹਾਂ ਨੂੰ ਲੈ ਜਾਣ ਦਿੱਤਾ। 7 **ਉਸ** ਗਧੀ ਦੇ ਬੱਚੇ ਨੂੰ
ਯਿਸੂ ਦੇ ਕੋਲ ਲਿਆ ਕੇ ਉਨ੍ਹਾਂ ਨੇ ਉਸ ਉੱਤੇ ਆਪਣੇ ਕੱਪੜੇ ਪਾਏ। 8 **ਬਹੁਤ** ਸਾਰੇ
ਲੋਕਾਂ ਨੇ ਆਪਣੇ ਕੱਪੜੇ ਰਾਹ ਤੇ ਵਿਛਾਏ, ਦੂਸਰਿਆਂ ਨੇ ਰੁੱਖਾਂ ਦੀਆਂ ਟਾਹਣੀਆਂ
ਕੱਟੀਆਂ ਅਤੇ ਸ਼ੜਕ ਤੇ ਵਿਛਾ ਦਿੱਤੀਆਂ। 9 **ਅੱਗੇ** ਜਾਣ ਵਾਲੇ ਅਤੇ ਪਿੱਛੇ ਜਾਣ
ਵਾਲੇ ਲੋਕ ਉੱਚੀ ਆਵਾਜ਼ ਨਾਲ ਬੋਲੇ, ਹੋਸੰਨਾਂ! ਧੰਨ ਹੈ ਉਹ ਜੋ ਪ੍ਰਭੂ ਦੇ ਨਾਮ ਵਿੱਚ
ਆਉਂਦਾ ਹੈ। 10 **ਸਾਡੇ** ਪਿਤਾ ਦਾਊਦ ਦਾ ਰਾਜ ਧੰਨ ਹੈ, ਜੋ ਪ੍ਰਭੂ ਦੇ ਨਾਮ ਵਿੱਚ
ਆਉਂਦਾ ਹੈ। ਆਸਮਾਨ ਵਿੱਚ ਹੋਸੰਨਾ। 11 **ਯਿਸੂ** ਯਰੂਸ਼ਲਮ ਦੀ ਹੈਕਲ (ਪ੍ਰਾਥਨਾਂ
ਭਵਨ) ਵਿੱਚ ਪਹੁੰਚੇ।ਉਨ੍ਹਾਂ ਨੇ ਚਾਰੇ ਪਾਸੇ ਸਭ ਕੁਝ ਹੁੰਦਾ ਦੇਖਿਆ, ਇਸ ਲਈ ਕਿ
ਕਾਫ਼ੀ ਦੇਰ ਹੋ ਚੁੱਕੀ ਸੀ, ਉਹ ਚੇਲਿਆਂ ਦੇ ਨਾਲ ਬੈਤਨੀਆ ਨੂੰ ਚੱਲ ਪਏ।ਉਹ
ਬਾਰ੍ਹਾਂ ਦੇ ਨਾਲ ਬੈਤਨੀਆ ਪਹੁੰਚੇ। 12 **ਅਗਲੇ** ਦਿਨ ਬੈਤਨੀਆਂ ਤੋਂ ਨਿੱਕਲਣ ਤੋਂ
ਬਾਅਦ ਯਿਸੂ ਨੂੰ ਭੁੱਖ ਲੱਗੀ। 13 **ਅੰਜੀਰ** ਦੇ ਰੁੱਖ ਨੂੰ ਜਿਸ ਵਿੱਚ ਪੱਤੀਆਂ ਸਨ
ਦੂਰ ਤੋਂ ਦੇਖ ਕੇ ਯਿਸੂ ਲਾਗੇ ਰੁੱਕ ਗਏ ਤਾਂਕਿ ਕੁਝ ਮਿਲ ਜਾਏ।ਜਦੋਂ ਯਿਸੂ ਉਸਦੇ
ਕੋਲ ਆਏ ਤਾਂ ਪੱਤੀਆਂ ਤੋਂ ਇਲਾਵਾ ਕੁਝ ਨਹੀਂ ਪਾਇਆ, ਕਿਉਂਕਿ ਅੰਜੀਰ ਦਾ
ਸਮਾਂ ਨਹੀਂ ਸੀ। 14 **ਯਿਸੂ** ਨੇ ਰੁੱਖ ਨੂੰ ਕਿਹਾ, "ਹੁਣ ਤੋਂ ਤੇਰਾ ਫ਼ਲ ਕੋਈ ਵੀ ਨਾ
ਖਾਏ।" ਯਿਸੂ ਦੇ ਚੇਲੇ ਇਹ ਸਭ ਸੁਣ ਰਹੇ ਸੀ।ਯਿਸੂ ਦੇ ਚੇਲੇ ਇਹ ਸਭ ਸੁਣ ਰਹੇ
ਸਨ। 15 **ਯਰੂਸ਼ਲਮ** ਪਹੁੰਚਣ ਤੇ ਯਿਸੂ ਹੈਕਲ ਵਿੱਚ ਜਾਕੇ ਖਰੀਦਣ ਵੇਚਣ
ਵਾਲਿਆਂ ਨੂੰ ਬਾਹਰ ਕੱਢਣ ਲੱਗੇ। ਯਿਸੂ ਨੇ ਸਰਾਫ਼ਾ ਬਦਲਣ ਵਾਲਿਆਂ ਦੇ ਮੇਜ਼ਾਂ ਨੂੰ
ਅਤੇ ਕਬੂਤਰ ਵੇਚਣ ਵਾਲਿਆਂ ਦੀਆਂ ਕੁਰਸੀਆਂ ਨੂੰ ਉੱਲਟਾ ਦਿੱਤਾ। 16 **ਯਿਸੂ**

ਨੇ ਹੈਕਲ ਵਿੱਚੋਂ ਭਾਂਡੇ ਲੈਕੇ ਲੰਘਣ ਵਾਲਿਆਂ ਤੇ ਵੀ ਰੋਕ ਲਗਾ ਦਿੱਤੀ। 17 **ਯਿਸੂ**
ਨੇ ਉਨ੍ਹਾਂ ਨੂੰ ਕਿਹਾ, "ਕੀ ਇਹ ਨਹੀਂ ਲਿਖਿਆ ਕਿ ਮੇਰਾ ਘਰ ਸਾਰੀਆਂ ਕੌਮਾਂ ਲਈ
ਪ੍ਰਾਥਨਾਂ ਦਾ ਘਰ ਅਖਵਾਏਗਾ।" ਪਰ ਤੁਸੀਂ ਲੋਕਾਂ ਨੇ ਇਸ ਨੂੰ ਡਾਕੂਆਂ ਦੀ ਖੋਹ
ਬਣਾ ਛੱਡਿਆ ਹੈ। 18 **ਇਹ** ਸਭ ਸੁਣ ਕੇ ਸਾਸ਼ਤਰੀ ਅਤੇ ਪ੍ਰਧਾਨ ਜਾਜਕ ਯਿਸੂ ਨੂੰ
ਨਾਸ ਕਰਨ ਦੀ ਯੋਜਨਾ ਬਣਾਉਣ ਲੱਗੇ, ਉਹ ਯਿਸੂ ਤੋਂ ਡਰਦੇ ਸਨ ਕਿਉਂਕਿ ਸਭ
ਲੋਕ ਉਨ੍ਹਾਂ ਦੀ ਸਿੱਖਿਆਂ ਤੋਂ ਹੈਰਾਨ ਰਹਿ ਗਏ ਸਨ। 19 **ਸ਼ਾਮ** ਦੇ ਸਮੇਂ ਯਿਸੂ
ਨਗਰ ਦੇ ਬਾਹਰ ਚਲੇ ਗਏ। 20 **ਸਵੇਰ** ਦੇ ਸਮੇਂ ਜਦ ਉਹ ਉੱਧਰ ਦੀ ਜਾ ਰਹੇ
ਸਨ, ਤਦ ਉਨ੍ਹਾਂ ਨੇ ਅੰਜੀਰ ਦੇ ਰੁੱਖ ਨੂੰ ਜੜ੍ਹਾਂ ਤੋਂ ਸੁੱਕਿਆਂ ਵੇਖਿਆ। 21 **ਪਤਰਸ**
ਨੇ ਯਾਦ ਕਰ ਕੇ ਕਿਹਾ, "ਗੁਰੂ ਜੀ ਵੇਖੋ, ਜਿਸ ਅੰਜੀਰ ਦੇ ਰੁੱਖ ਨੂੰ ਤੁਸੀਂ ਸਰਾਪ
ਦਿੱਤਾ ਸੀ ਉਹ ਸੁੱਕ ਗਿਆ ਹੈ।" 22 **ਯਿਸੂ** ਨੇ ਉੱਤਰ ਵਿੱਚ ਕਿਹਾ, "ਪਰਮੇਸ਼ੁਰ
ਉੱਤੇ ਵਿਸ਼ਵਾਸ ਰੱਖੋ।" 23 **ਮੈਂ** ਤੁਹਾਨੂੰ ਸੱਚ ਆਖਦਾ ਹਾਂ ਕਿ ਜੋ ਕੋਈ ਬਿਨ੍ਹਾਂ ਸ਼ੱਕ
ਕੀਤੇ ਇਸ ਪਹਾੜ ਨੂੰ ਕਹੇ, 24 **ਇੱਥੋਂ** ਹੱਟ ਕੇ ਸਮੁੰਦਰ ਵਿੱਚ ਜਾ ਡਿੱਗ ਅਤੇ
ਇਹ ਵਿਸ਼ਵਾਸ ਰੱਖੇ ਕਿ ਜਿਵੇਂ ਕਿਹਾ ਹੈ ਉਸੇ ਪ੍ਰਕਾਰ ਹੋ ਜਾਵੇਗਾ ਤਾਂ ਉਸ ਲਈ
ਉਵੇਂ ਹੀ ਹੋ ਜਾਵੇਗਾ। 25 **ਪ੍ਰਾਥਨਾਂ** ਕਰਦੇ ਸਮੇਂ ਜੇਕਰ ਤੁਹਾਡੇ ਮਨ ਵਿੱਚ ਕਿਸੇ
ਲਈ ਕੋਈ ਸ਼ਕਾਇਤ ਹੈ, ਤਾਂ ਮਾਫ਼ ਕਰ ਦਿਓ ਤਾਂਕਿ ਤੁਹਾਡਾ ਪਿਤਾ ਜੋ ਸਵਰਗ
ਵਿੱਚ ਹੈ ਤੁਹਾਡੇ ਗੁਨਾਹਾਂ ਨੂੰ ਮਾਫ਼ ਕਰੇ ।26 **ਪਰ** ਜੇਕਰ ਤੁਸੀਂ ਮਾਫ਼ ਨਾ ਕਰੋ
ਤੁਹਾਡੇ ਸਵਰਗੀ ਪਿਤਾ ਵੀ ਤੁਹਾਨੂੰ ਮਾਫ਼ ਨਹੀਂ ਕਰਨਗੇ। 27 **ਇਸਦੇ** ਪਿੱਛੋਂ ਉਹ
ਯਰੂਸ਼ਲਮ ਪਰਤ ਗਏ।ਜਦ ਯਿਸੂ ਹੈਕਲ ਵਿੱਚ ਸਨ, ਪ੍ਰਧਾਨ ਜਾਜਕ,ਗ੍ਰੰਥੀ ਅਤੇ
ਬਜ਼ੁਰਗ ਉਨ੍ਹਾਂ ਕੋਲ ਆਏ। 28 **ਯਿਸੂ** ਨੂੰ ਬੋਲੇ,ਇਹ ਸਭ ਤੁਸੀਂ ਕਿਸਦੇ ਅਧਿਕਾਰ
ਨਾਲ ਕਰ ਰਹੇ ਹੋ? ਇਹ ਸਭ ਕਰਨ ਲਈ ਤੁਹਾਨੂੰ ਕਿਸ ਨੇ ਅਧਿਕਾਰ ਦਿੱਤਾ ਹੈ?
29 **ਯਿਸੂ** ਨੇ ਉੱਤਰ ਵਿੱਚ ਕਿਹਾ, "ਮੈਂ ਵੀ ਤੁਹਾਨੂੰ ਇੱਕ ਸਵਾਲ ਪੁੱਛਦਾ ਹਾਂ, ਮੈਨੂੰ
ਉੱਤਰ ਦਿਓ, ਤਾਂ ਮੈਂ ਵੀ ਤੁਹਾਨੂੰ ਉੱਤਰ ਦਿਆਂਗਾ। 30 **ਇਹ** ਦੱਸੋ ਕਿ ਯਹੂੰਨਾ
ਦਾ ਬਪਤਿਸਮਾ ਸਵਰਗ ਤੋਂ ਸੀ ਜਾਂ ਮਨੁੱਖਾਂ ਤੋਂ? 31 **ਤਦ** ਉਹ ਆਪਸ ਵਿੱਚ
ਵਿਚਾਰ ਕਰ ਰਹੇ ਸਨ ਕਿ ਜੇਕਰ ਅਸੀਂ ਕਹੀਏ ਕਿ ਪਰਮੇਸ਼ੁਰ ਦੀ ਵੱਲੋਂ ਤਾਂ ਯਿਸੂ
ਕਹਿਣਗੇ ਕਿ ਤੁਸੀਂ ਫਿਰ ਉਸਦੀ ਕਿਉਂ ਨਹੀਂ ਮੰਨੀਂ। 32 **ਜੇਕਰ** ਕਹੀਏ ਮਨੁੱਖਾਂ
ਵੱਲੋਂ ਤਾਂ ਲੋਕ ਜੋ ਯਹੂੰਨਾਂ ਨੂੰ ਨਬੀ ਮੰਨਦੇ ਸਨ ਉਨ੍ਹਾਂ ਦੇ ਵਿਰੁੱਧ ਹੋ ਜਾਣਗੇ। 33
**ਉਨ੍ਹਾਂ** ਨੇ ਯਿਸੂ ਨੂੰ ਕਿਹਾ, "ਸਾਨੂੰ ਨਹੀਂ ਪਤਾ।" ਤਦ ਯਿਸੂ ਨੇ ਵੀ ਕਿਹਾ,ਮੈਂ ਵੀ
ਤੁਹਾਨੂੰ ਨਹੀਂ ਦੱਸਦਾ ਕਿ ਜੋ ਮੈਂ ਕਰਦਾ ਹਾਂ ਉਹ ਕਿਸ ਦੇ ਅਧਿਕਾਰ ਨਾਲ ਕਰਦਾ
ਹਾਂ ।

## ਅਧਿਐਨ

11:1-11 - ਮੱਤੀ 21:1-9

11:10 - ਪਰਮੇਸ਼ੁਰ ਨੇ ਰਾਜ ਦਾ ਵਾਅਦਾ ਦਾਊਦ ਅਤੇ ਉਸਦੇ ਵੰਸ਼ ਨਾਲ ਕੀਤਾ ਸੀ (ਦੇਖੋ 2ਸੈਮੂ 7:11-14; ਮੱਤੀ 1:1; ਲੂਕਾ 1:13,69)

11:11 - "ਬਾਰ੍ਹਾਂ" ਬਾਰ੍ਹਾਂ ਚੇਲੇ (3:16-19)

11:12-25 - ਮੱਤੀ 21:12-22

11:18 - ਇਹ ਜਾਜਕ ਆਪਣੇ ਪਦ ਅਧਿਕਾਰ ਅਤੇ ਇੱਜਤ ਨੂੰ ਚਾਹੁੰਦੇ ਸਨ।ਉਨ੍ਹਾਂ ਨੂੰ ਡਰ ਸੀ ਕਿ ਯਿਸੂ ਸਭ ਕੁਝ ਬਦਲ ਦੇਣਗੇ।

11:20 - ਮੱਤੀ ਇਹ ਗੱਲ ਸਾਫ਼ ਦੱਸਦਾ ਹੈ ਕਿ ਪਿਛਲੇ ਦਿਨ ਅੰਜੀਰ ਦਾ ਰੁੱਖ ਥੋੜਾ ਸੁੱਕ ਗਿਆ ਸੀ। ਪਰ ਹੁਣ ਪੂਰਾ ਦਾ ਪੂਰਾ ਸੁੱਕ ਗਿਆ ਹੈ। "**ਜੜ ਤੋਂ**।"

11:24 - ਫਿਰ ਤੋਂ ਯਿਸੂ ਵਿਸ਼ਵਾਸ ਦੀ ਵਿਸੇਸ਼ਤਾ ਤੇ ਚਾਨਣਾ ਪਾਉਂਦੇ ਹਨ (12:5, 5:34, 6:5, 10:52; ਮੱਤੀ 9:22)। ਜੇਕਰ ਅਸੀਂ ਅਸਲ ਵਿੱਚ ਮੰਨ ਲਈਏ ਕਿ ਪ੍ਰਭੂ ਨੇ ਸਾਡੀ ਪ੍ਰਾਥਨਾਂ ਦਾ ਉੱਤਰ ਦਿੱਤਾ ਹੈ ਤਾਂ ਇਹ ਸਹੀ ਹੈ ਅਤੇ ਇਸ ਤਰ੍ਹਾਂ ਹੀ ਹੋਣਾ ਚਾਹੀਦਾ ਹੈ।ਅਜਿਹਾ ਦਾ ਵਿਸ਼ਵਾਸ ਕਿਵੇਂ ਸੰਭਵ ਹੈ? ਆਪਣੇ ਕੰਮ ਦੇ ਬਾਰੇ ਗੱਲ ਕਰਨ ਨਾਲ ਨਹੀਂ, ਇਹ ਸੋਚਕੇ ਕਿ ਪ੍ਰਭੂ ਨੇ ਸੁਣਿਆ ਹੈ ਜਦੋਂ ਕਿ ਅਸੀਂ ਮੰਨਦੇ ਹਾਂ ਕਿ ਉਨ੍ਹਾਂ ਨੇ ਨਹੀਂ ਸੁਣਿਆ । ਸੱਚਾ ਵਿਸ਼ਵਾਸ ਪਰਮੇਸ਼ੁਰ ਦੇ ਪ੍ਰਤੀ ਸਾਡਾ ਰੱਵਈਆ ਹੈ ਅਤੇ ਸਾਡੇ ਅੰਦਰ ਪਵਿੱਤਰ ਆਤਮਾ ਦੇ ਕੰਮ ਦਾ ਨਤੀਜਾ (ਤੁਲਨਾ ਕਰੋ ਰੋਮੀ 8:26; 1ਯਹੂੰਨਾਂ 5:14,15; ਦੇਖੋਂ 9:22)

11:25- "ਪ੍ਰਾਥਨਾਂ ਕਰੋ",ਇਹਨਾਂ ਸ਼ਬਦਾਂ ਤੇ ਧਿਆਨ ਦਿਓ। ਬਾਈਬਲ ਕਿਤੇ ਨਹੀਂ ਕਹਿੰਦੀ ਕਿ ਕਿਸੇ ਖ਼ਾਸ ਢੰਗ ਨਾਲ ਬੈਠ ਕੇ ਜਾਂ ਖੜੇ ਹੋ ਕੇ ਪ੍ਰਾਥਨਾਂ ਕਰਨ ਨਾਲ ਸਾਡੀ ਪ੍ਰਾਥਨਾਂ ਸੁਣੀ ਜਾਵੇਗੀ(ਮੱਤੀ 6:14,15 ਦੇ ਨਾਲ ਤੁਲਨਾ ਕਰੋ)।

11:27-33-ਮੱਤੀ 21:22-27

## ਅਧਿਆਏ-12

1 **ਯਿਸੂ** ਉਨ੍ਹਾਂ ਲੋਕਾਂ ਨਾਲ ਦ੍ਰਿਸ਼ਟਾਤਾਂ ਵਿੱਚ ਗੱਲਾਂ ਕਰਨ ਲੱਗੇ: ਇੱਕ ਆਦਮੀ ਨੇ ਅੰਗੂਰ ਦਾ ਬਾਗ ਲਗਾਇਆ ਅਤੇ ਉਸਦੇ ਲਈ ਵਾੜ ਲਗਾਈ,ਅੰਗੂਰਾਂ ਦੇ ਰਸ ਦੇ ਲਈ ਇੱਕ ਹੋਜ਼ ਬਣਾਇਆ ਅਤੇ ਪਹਿਰਾ ਦੇਣ ਦੇ ਲਈ ਮੁਨਾਰਾ ਵੀ ਬਣਾਇਆ ਅਤੇ ਅੰਗੂਰ ਦੇ ਕਿਸਾਨਾਂ ਨੂੰ ਕਿਰਾਏ ਤੇ ਦੇ ਕੇ ਦੂਰ ਦੇਸ਼ ਚਲਾ ਗਿਆ। 2 **ਫ਼ਸਲ**
ਪੱਕਣ ਦੇ ਸਮੇਂ ਉਸਨੇ ਆਪਣੇ ਇੱਕ ਨੌਕਰ ਨੂੰ ਘੱਲਿਆ ਕਿ ਉਹ ਕਿਸਾਨਾਂ ਤੋਂ

ਅੰਗੂਰ ਦੀ ਖੇਤੀ ਵਿੱਚੋਂ ਨਿੱਕਲਣ ਵਾਲੀ ਫ਼ਸਲ ਦਾ ਹਿੱਸਾ ਲਵੇ। 3 **ਪਰ** ਕਿਸਾਨਾਂ
ਨੇ ਉਸਨੂੰ ਫੜਿਆ, ਮਾਰਿਆ ਅਤੇ ਖਾਲੀ ਹੱਥ ਵਾਪਿਸ ਭੇਜ ਦਿੱਤਾ। 4 **ਫਿਰ** ਤੋਂ
ਉਸਨੇ ਇੱਕ ਨੌਕਰ ਨੂੰ ਉਨ੍ਹਾਂ ਦੇ ਕੋਲ ਭੇਜਿਆ, ਉਨ੍ਹਾਂ ਲੋਕਾਂ ਨੇ ਉਸ ਤੇ ਪੱਥਰ ਮਾਰ
ਕੇ ਉਸਦਾ ਸਿਰ ਪਾੜ ਦਿੱਤਾ ਅਤੇ ਬੇਸ਼ਰਮੀ ਨਾਲ ਪੇਸ਼ ਆ ਕੇ ਉਸਨੂੰ ਵੀ ਵਾਪਿਸ
ਭੇਜ ਦਿੱਤਾ। 5 **ਉਸਨੇ** ਇੱਕ ਹੋਰ ਨੌਕਰ ਭੇਜਿਆ ਉਨ੍ਹਾਂ ਲੋਕਾ ਨੇ ਉਸਨੂੰ ਮਾਰ
ਦਿੱਤਾ।ਇਸ ਤਰ੍ਹਾਂ ਦਾ ਵਿਵਹਾਰ ਉਨ੍ਹਾਂ ਕਿਸਾਨਾਂ ਨੇ ਬਹੁਤਿਆਂ ਦੇ ਨਾਲ ਕੀਤਾ, ਜਾਂ
ਕੁੱਟਿਆ ਜਾਂ ਮਾਰ ਦਿੱਤਾ। 6 **ਅੰਤ** ਵਿੱਚ ਮਾਲਿਕ ਨੇ ਆਪਣੇ ਪਿਆਰੇ ਇਕੱਲੌਤੇ
ਪੁੱਤਰ ਨੂੰ ਉਨ੍ਹਾਂ ਦੇ ਕੋਲ ਇਹ ਸੋਚ ਕੇ ਘੱਲਿਆ ਕਿ ਉਹ ਲੋਕ ਮੇਰੇ ਪੁੱਤਰ ਦਾ
ਆਦਰ ਕਰਨਗੇ। 7 **ਪਰ** ਉਨ੍ਹਾਂ ਕਿਸਾਨਾਂ ਨੇ ਆਪਸ ਵਿੱਚ ਕਿਹਾ, “ਇਹੀ
ਵਾਰਿਸ ਹੈ।ਆਉ ਇਸਨੂੰ ਮਾਰ ਸੁੱਟੀਏ, ਤਾਂ ਸਾਰਾ ਕੁਝ ਆਪਣਾ ਹੋ ਜਾਵੇਗਾ। 8
**ਉਨ੍ਹਾਂ** ਨੇ ਉਸਨੂੰ ਫੜਿਆ, ਕੁੱਟਿਆ ਅਤੇ ਜਾਨੋਂ ਮਾਰ ਬਾਗ਼ ਦੇ ਬਾਹਰ ਸੁੱਟ ਦਿੱਤਾ।
9 **ਇਸ** ਲਈ ਬਾਗ਼ ਦਾ ਮਾਲਿਕ ਹੁਣ ਕੀ ਕਰੇਗਾ? ਉਹ ਆ ਕੇ ਸਾਰੇ ਕਿਸਾਨਾਂ ਨੂੰ
ਬਰਬਾਦ ਕਰ ਕੇ ਅੰਗੂਰ ਦੀ ਖ਼ੇਤੀ ਦੂਸਰਿਆਂ ਨੂੰ ਦੇ ਦੇਵੇਗਾ। 10 **ਕੀ** ਤੁਸੀਂ
ਪਵਿੱਤਰ ਸਾਸ਼ਤਰ ਨਹੀਂ ਪੜਿਆ? ‘ਜਿਸ ਪੱਥਰ ਨੂੰ ਬਣਾਉਣ ਵਾਲਿਆਂ ਨੇ ਰੱਦ
ਕਰ ਦਿੱਤਾ, ਉਹੀ ਮੁੱਖ ਕੋਨੇ ਦਾ ਸਿਰਾ ਹੋ ਗਿਆ। 11 **ਇਹ** ਪਰਮੇਸ਼ੁਰ ਦਾ ਕੰਮ
ਹੈ ਅਤੇ ਸਾਡੀਆਂ ਨਜ਼ਰਾਂ ਵਿੱਚ ਅਜ਼ੀਬ ਹੈ। 12 **ਉਸ** ਸਮੇਂ ਤੋਂ ਉਹ ਯਿਸੂ ਨੂੰ
ਫੜਣ ਦੀ ਤਾੜ ਵਿੱਚ ਰਹਿਣ ਲੱਗੇ ਕਿਉਂਕਿ ਉਹ ਸਮਝ ਗਏ ਸਨ ਕਿ ਇਹ
ਦ੍ਰਿਸ਼ਟਾਂਤ ਉਹਨਾਂ ਬਾਰੇ ਹੀ ਕਿਹਾ ਗਿਆ ਹੈ ਪਰ ਉਨ੍ਹਾਂ ਨੂੰ ਲੋਕਾਂ ਦਾ ਡਰ ਸੀ। 13
**ਯਿਸੂ** ਨੂੰ ਗੱਲਾਂ ਵਿੱਚ ਫਸਾਉਣ ਦੇ ਲਈ ਉਨ੍ਹਾਂ ਨੇ ਫਿਰ ਕੁਝ ਫ਼ਰੀਸੀਆਂ ਅਤੇ
ਹੇਰੋਦੀਆ ਨੂੰ ਭੇਜਿਆ। 14 **ਇਨ੍ਹਾਂ** ਲੋਕਾਂ ਨੇ ਆਕੇ ਯਿਸੂ ਨੂੰ ਕਿਹਾ, ਗੁਰੂ ਜੀ,
ਅਸੀਂ ਜਾਣਦੇ ਹਾਂ ਕਿ ਤੁਸੀਂ ਸੱਚੇ ਹੋ ਅਤੇ ਕੌਣ ਤੁਹਾਡੇ ਬਾਰੇ ਕੀ ਸੋਚਦਾ ਹੈ ਤੁਹਾਨੂੰ
ਉਸ ਨਾਲ ਕੁਝ ਲੈਣ ਦੇਣ ਨਹੀਂ ਹੈ।ਤੁਸੀਂ ਕਿਸੇ ਦੇ ਬਾਹਰੀ ਰੂਪ ਨੂੰ ਨਹੀਂ ਵੇਖਦੇ,
ਪਰ ਪਰਮੇਸ਼ੁਰ ਦਾ ਗਿਆਨ ਸਿਖਾਉਂਦੇ ਹੋ। ਤੁਸੀਂ ਕੀ ਕਹਿੰਦੇ ਹੋ, ਕੀ ਸਾਨੂੰ ਕੈਸਰ
ਨੂੰ ਟੈਕਸ ਦੇਣਾ ਚਾਹੀਦਾ ਹੈ ਜਾਂ ਨਹੀਂ? 15 **ਉਨਾਂ** ਲੋਕਾਂ ਦੇ ਛਲ ਨੂੰ ਜਾਣਕੇ ਯਿਸੂ
ਨੇ ਕਿਹਾ, “ ਤੁਸੀਂ ਮੈਨੂੰ ਕਿਉਂ ਪਰਖ ਰਹੇ ਹੋ? ਜ਼ਰਾ ਇੱਕ ਸਿੱਕਾ ਮੈਨੂੰ ਵਿਖਾਓ।”
16 **ਉਹ** ਸਿੱਕਾ ਲਿਆਏ ਅਤੇ ਯਿਸੂ ਨੇ ਉਨ੍ਹਾਂ ਨੂੰ ਪੁੱਛਿਆ, “ ਇਸ ਉੱਤੇ ਕਿਸ
ਦੀ ਤਸਵੀਰ ਬਣੀ ਹੋਈ ਹੈ?” ਉਨ੍ਹਾਂ ਨੇ ਉੱਤਰ ਦਿੱਤਾ, “ਕੈਸਰ ਦੀ।” 17 **ਫਿਰ**
ਯਿਸੂ ਨੇ ਕਿਹਾ, “ ਜੋ ਕੈਸਰ ਦਾ ਹੈ ਉਹ ਕੈਸਰ ਨੂੰ ਦਿਓ ਅਤੇ ਜੋ ਪਰਮੇਸ਼ੁਰ ਦਾ
ਹੈ ਉਹ ਪਰਮੇਸ਼ੁਰ ਨੂੰ ਦਿਓ।” ਉਹ ਸਾਰੇ ਇਸ ਉੱਤਰ ਤੋਂ ਬਹੁਤ ਹੈਰਾਨ ਹੋਏ।
18 **ਸਦੂਕੀਆਂ** ਨੇ, ਜੋ ਜੀ ਉੱਠਣ ਵਿੱਚ ਵਿਸ਼ਵਾਸ ਨਹੀਂ ਕਰਦੇ ਹਨ, 19 **ਆਕੇ**
ਯਿਸੂ ਨੂੰ ਕਿਹਾ, “ਗੁਰੂ ਜੀ, ਮੂਸਾ ਨੇ ਸਾਨੂੰ ਇਹ ਆਗਿਆ ਦਿੱਤੀ ਹੈ ਕਿ ਜੇਕਰ

ਕੋਈ ਮਨੱਖ ਬਿਨਾਂ ਬੱਚੇ ਪੈਦਾ ਕੀਤੇ ਮਰ ਜਾਂਦਾ ਹੈ ਅਤੇ ਉਸਦੀ ਪਤਨੀ ਜਿੰਦਾ ਹੈ,
ਤਾਂ ਉਸਦੇ ਭਰਾ ਨੂੰ ਆਪਣੀ ਭਾਬੀ ਨਾਲ ਵਿਆਹ ਕਰਕੇ ਆਪਣੇ ਭਰਾ ਦੇ ਵੰਸ਼ ਨੂੰ
ਅੱਗੇ ਵਧਾਉਣਾ ਚਾਹੀਦਾ ਹੈ।20 **ਇੱਕ** ਵਾਰ ਸੱਤ ਭਰਾ ਸਨ ਪਹਿਲਾ ਬਿਨਾਂ ਸੰਤਾਨ
ਦੇ ਮਰ ਗਿਆ, 21 **ਅਗਲਾ** ਭਰਾ ਪਹਿਲੇ ਦੀ ਪਤਨੀ ਨਾਲ ਵਿਆਹ ਤਾਂ ਕਰਦਾ
ਹੈ ਪਰ ਉਹ ਵੀ ਬਿਨਾਂ ਸੰਤਾਨ ਦੇ ਮਰ ਜਾਂਦਾ ਹੈ। ਤੀਜੇ ਦੇ ਨਾਲ ਵੀ ਇਵੇਂ ਹੀ
ਹੁੰਦਾ ਹੈ। 22 **ਸੱਤੇ** ਭਰਾ ਇੱਕ ਹੀ ਔਰਤ ਨਾਲ ਵਿਆਹ ਕਰਦੇ ਹਨ ਅਤੇ ਉਨ੍ਹਾਂ
ਦੇ ਕੋਈ ਬੱਚਾ ਨਹੀਂ ਹੁੰਦਾ ਹੈ ਅਤੇ ਸਾਰੇ ਮਰ ਜਾਂਦੇ ਹਨ।ਆਖਿਰ ਵਿੱਚ ਉਹ
ਔਰਤ ਵੀ ਮਰ ਜਾਦੀ ਹੈ। 23 **ਇਸ** ਲਈ ਜਦੋਂ ਸਾਰੇ ਜੀ ਉੱਠਣਗੇ ਤਾਂ ਉਸ
ਸਮੇਂ ਇਹ ਔਰਤ ਕਿਸਦੀ ਪਤਨੀ ਹੋਵੇਗੀ? ਕਿਉਂਕਿ ਸੱਤਾਂ ਨੇ ਹੀ ਉਸ ਨਾਲ
ਵਿਆਹ ਕੀਤਾ। 24 **ਯਿਸੂ** ਨੇ ਜਵਾਬ ਵਿੱਚ ਉਨ੍ਹਾਂ ਨੂੰ ਕਿਹਾ, "ਤੁਸੀਂ ਗਲਤੀ ਇਸ
ਲਈ ਕਰ ਰਹੇ ਹੋ ਕਿਉਂਕਿ ਨਾ ਤਾਂ ਤੁਸੀਂ ਧਰਮ ਸ਼ਾਸ਼ਤਰ ਨੂੰ ਜਾਣਦੇ ਹੋ ਅਤੇ ਨਾ
ਹੀ ਪਰਮੇਸ਼ੁਰ ਦੀ ਤਾਕਤ ਨੂੰ। 25 **ਇਸ** ਲਈ ਕਿ ਜਦੋਂ ਲੋਕ ਮਰੇ ਹੋਇਆਂ ਵਿੱਚੋਂ
ਜੀ ਉੱਠਣਗੇ ਤਾਂ ਉਨ੍ਹਾਂ ਵਿੱਚ ਵਿਆਹ ਨਹੀਂ ਹੋਣਗੇ,ਉਹ ਸਵਰਗ ਵਿੱਚ ਸਵਰਗਦੂਤਾਂ
ਦੀ ਤਰ੍ਹਾਂ ਹੋਣਗੇ। 26 **ਕੀ** ਤੁਸੀਂ ਮੂਸਾ ਦੀ ਕਿਤਾਬ ਵਿੱਚ ਇਹ ਸੱਚਾਈ ਨਹੀਂ
ਦੇਖੀ ਕਿ ਮਰੇ ਹੋਏ ਜੀ ਉੱਠਣਗੇ, ਝਾੜੀ ਵਿੱਚ ਅੱਗ ਦੀ ਘਟਨਾ ਵਿੱਚ ਪਰਮੇਸ਼ੁਰ ਨੇ
ਕਿਸ ਤਰ੍ਹਾਂ ਗੱਲ ਕੀਤੀ, 'ਮੈਂ ਅਬਰਾਹਾਮ, ਇਸ਼ਹਾਕ ਅਤੇ ਯਾਕੂਬ ਦਾ ਪਰਮੇਸ਼ੁਰ
ਹਾਂ। 27 **ਉਹ** ਮਰੇ ਹੋਇਆਂ ਦਾ ਨਹੀਂ ਸਗੋਂ ਜਿੰਦਾ ਲੋਕਾਂ ਦਾ ਪਰਮੇਸ਼ੁਰ ਹੈ, ਇਸ
ਲਈ ਤੁਸੀਂ ਵੱਡੇ ਧੋਖੇ ਵਿੱਚ ਪਏ ਹੋਏ ਹੋ।" 28 **ਉਨ੍ਹਾਂ** ਵਿੱਚੋਂ ਇੱਕ ਧਰਮ ਗ੍ਰੰਥੀ
ਨੇ ਸੁਣ ਕੇ ਅਤੇ ਦੇਖ ਕੇ ਕਿ ਯਿਸੂ ਬਹੁਤ ਵਧੀਆ ਤਰੀਕੇ ਨਾਲ ਪ੍ਰਸ਼ਨਾਂ ਦਾ ਜਵਾਬ
ਦਿੰਦੇ ਹਨ ,ਆ ਕੇ ਪੁੱਛਿਆ, "ਗੁਰੂ ਜੀ! ਸਭਨਾਂ ਆਗਿਆਵਾਂ ਵਿੱਚੋਂ ਸਭ ਤੋਂ
ਮਹੱਤਵਪੂਰਨ ਕਿਹੜੀ ਹੈ?" 29 **ਯਿਸੂ** ਨੇ ਉੱਤਰ ਦਿੱਤਾ, "ਸਾਰੀਆਂ
ਆਗਿਆਵਾਂ ਵਿੱਚੋਂ ਵੱਡੀ ਅਤੇ ਜ਼ਰੂਰੀ ਆਗਿਆ ਇਹ ਹੈ, "ਹੇ ਇਸਰਾਏਲ ਸੁਣੋ
ਪ੍ਰਭੂ ਸਾਡੇ ਪਰਮੇਸ਼ੁਰ ਇੱਕ ਹਨ। 30 **ਤੂੰ** ਆਪਣੇ ਪ੍ਰਭੂ ਪਰਮੇਸ਼ੁਰ ਨਾਲ ਪੂਰੇ ਦਿਲ,
ਜਾਨ, ਬੁੱਧ ਅਤੇ ਤਾਕਤ ਨਾਲ ਪਿਆਰ ਕਰੀਂ। 31 **ਦੂਸਰਾ** ਇਹ ਹੈ ਕਿ ਜਿਵੇਂ
ਤੁਸੀਂ ਆਪਣੇ ਆਪ ਨੂੰ ਪਿਆਰ ਕਰਦੇ ਹੋ, ਆਪਣੇ ਗੁਆਂਢੀ ਨਾਲ ਵੀ ਅਜਿਹਾ ਹੀ
ਪਿਆਰ ਰੱਖੋ। ਇੰਨ੍ਹਾਂ ਦੋਨਾਂ ਤੋਂ ਵੱਧ ਕੇ ਕੋਈ ਹੋਰ ਆਗਿਆ ਨਹੀਂ ਹੈ। 32 **ਧਰਮ**
ਗ੍ਰੰਥੀ ਨੇ ਕਿਹਾ, "ਭਲੇ ਗੁਰੂ ਤੁਸੀਂ ਠੀਕ ਕਿਹਾ, ਇੱਕ ਹੀ ਪਰਮੇਸ਼ੁਰ ਹੈ ਅਤੇ
ਉਸਦੇ ਇਲਾਵਾ ਕੋਈ ਹੋਰ ਨਹੀਂ ਹੈ। 33 **ਆਪਣੇ** ਸਾਰੇ ਦਿਲ, ਬੁੱਧ, ਜਾਨ ਅਤੇ
ਤਾਕਤ ਨਾਲ ਪਰਮੇਸ਼ੁਰ ਨਾਲ ਪਿਆਰ ਰੱਖਣਾ ਅਤੇ ਆਪਣੇ ਗੁਆਂਢੀ ਨੂੰ ਆਪਣੀ
ਤਰ੍ਹਾਂ ਪਿਆਰ ਕਰਨਾ ਸਾਰੀਆਂ ਹੋਮ ਬਲੀਆਂ ਅਤੇ ਕੁਰਬਾਨੀਆਂ ਨਾਲੋਂ ਵੱਧ ਕੇ ਹੈ।
34 **ਯਿਸੂ** ਨੇ ਸਹੀ ਜਵਾਬ ਸੁਣ ਕੇ ਉਸਨੂੰ ਕਿਹਾ, "ਤੂੰ ਪਰਮੇਸ਼ੁਰ ਦੇ ਰਾਜ ਤੋਂ ਦੂਰ

ਨਹੀਂ ਹੈ।" ਇਸ ਤੋਂ ਬਾਅਦ ਫਿਰ ਕਿਸੇ ਨੇ ਯਿਸੂ ਤੋਂ ਪ੍ਰਸ਼ਨ ਪੁੱਛਣ ਦੀ ਹਿੰਮਤ
ਨਹੀਂ ਕੀਤੀ।35 **ਫਿਰ** ਯਿਸੂ ਨੇ ਹੈਕਲ (ਪ੍ਰਾਥਨਾਂ ਭਵਨ) ਵਿੱਚ ਸਿਖਾਉਂਦੇ ਹੋਏ
ਕਿਹਾ, "ਧਰਮ ਗ੍ਰੰਥੀ ਕਿਉਂ ਕਹਿੰਦੇ ਹਨ ਕਿ ਮਸੀਹ ਦਾਊਦ ਦਾ ਪੁੱਤਰ ਹੈ? 36
**ਇਸ** ਲਈ ਕਿਉਂਕਿ ਦਾਊਦ ਨੇ ਆਪ ਪਵਿੱਤਰ ਆਤਮਾ ਦੀ ਸਹਾਇਤਾ ਨਾਲ
ਕਿਹਾ ਕਿ ਪ੍ਰਭੂ ਨੇ ਮੇਰੇ ਪ੍ਰਭੂ ਨੂੰ ਕਿਹਾ, "ਮੇਰੇ ਸੱਜੇ ਹੱਥ ਬੈਠ, ਜਦੋਂ ਤੱਕ ਮੈਂ ਤੇਰੇ
ਦੁਸ਼ਮਣਾ ਨੂੰ ਤੇਰੇ ਪੈਰਾਂ ਹੇਠਾਂ ਨਾ ਕਰ ਦੇਵਾਂ ।37 **ਇਸ** ਲਈ ਦਾਊਦ ਜੇਕਰ
ਉਸਨੂੰ ਪ੍ਰਭੂ ਕਹਿੰਦਾ ਹੈ, ਤਾਂ ਫਿਰ ਉਹ ਉਸਦਾ ਪੁੱਤਰ ਕਿਵੇਂ ਹੋਇਆ? ਇਹ ਸਭ
ਆਮ ਲੋਕੀ ਵੀ ਸੁਣ ਰਹੇ ਸਨ। 38 **ਯਿਸੂ** ਨੇ ਸਿੱਖਿਆ ਦਿੰਦੇ ਹੋਏ ਕਿਹਾ,
"ਧਰਮ ਗ੍ਰੰਥੀਆਂ ਤੋਂ ਸਾਵਧਾਨ ਰਹੋ, ਜੋ ਲੰਬੇ- ਲੰਬੇ ਚੋਗੇ ਪਾ ਕੇ ਬਜ਼ਾਰ ਵਿੱਚ ਲੋਕਾਂ
ਦੀਆਂ ਸਲਾਮਾਂ ਲੈਣੀਆਂ ਪਸੰਦ ਕਰਦੇ ਹਨ। 39 **ਸਭਾਵਾਂ** ਵਿੱਚ ਅਗਲੀਆਂ ਥਾਵਾਂ
ਤੇ ਬੈਠਣਾ ਅਤੇ ਦਾਵਤਾਂ ਵਿੱਚ ਆਦਰਯੋਗ ਥਾਵਾਂ ਨੂੰ ਪਸ਼ੰਦ ਕਰਦੇ ਹਨ। 40 **ਪਰ**
ਇਹ ਲੋਕ ਵਿਧਵਾਵਾਂ ਦਾ ਘਰ ਉਜਾੜ ਦਿੰਦੇ ਹਨ ਦਿਖਾਵੇ ਲਈ ਲੰਬੀਆਂ ਪ੍ਰਾਥਨਾਵਾਂ
ਕਰਦੇ ਹਨ। ਇਹ ਲੋਕ ਵੱਡੀ ਸਜ਼ਾ ਪਾਉਣਗੇ। 41 **ਯਿਸੂ** ਮੰਦਰ ਵਿੱਚ ਦਾਨ ਵਾਲੀ
ਸੰਦੂਕੜੀ ਕੋਲ ਬੈਠ ਕੇ ਵੇਖ ਰਹੇ ਸਨ ਕਿ ਕਿਸ ਤਰ੍ਹਾਂ ਲੋਕੀਂ ਉਸ ਵਿੱਚ ਦਾਨ ਪਾ
ਰਹੇ ਸਨ। ਬਹੁਤ ਸਾਰੇ ਅਮੀਰਾਂ ਨੇ ਉਸ ਵਿੱਚ ਬਹੁਤ ਸਾਰਾ ਦਾਨ ਪਾਇਆ । 42
**ਇੱਕ** ਗਰੀਬ ਵਿਧਵਾ ਨੇ ਦੋ ਤਾਂਬੇ ਦੇ ਸਿੱਕੇ ਪਾਏ ਜੋ ਅੱਧੇ ਧੇਲੇ ਦੇ ਬਰਾਬਰ ਸਨ।
43 **ਯਿਸੂ** ਨੇ ਆਪਣੇ ਚੇਲਿਆਂ ਨੂੰ ਸੱਦ ਕੇ ਕਿਹਾ, "ਕਿ ਜੋ ਲੋਕਾਂ ਨੇ ਸੰਦੂਕੜੀ
ਵਿੱਚ ਦਾਨ ਪਾਇਆ, ਉਨ੍ਹਾਂ ਵਿੱਚੋਂ ਸਭ ਨਾਲੋਂ ਜਿਆਦਾ ਇਸ ਗਰੀਬ ਵਿਧਵਾ ਨੇ
ਪਾਇਆ ਹੈ। 44 **ਇਸ** ਲਈ ਕਿ ਸਭ ਨੇ ਆਪਣੇ ਬਹੁਤੇ ਵਿੱਚੋਂ ਵਾਧੂ ਜੋ ਉਨ੍ਹਾਂ
ਕੋਲ ਸੀ ਪਾਇਆ ਹੈ, ਪਰ ਇਸ ਨੇ ਆਪਣੀ ਗਰੀਬੀ ਵਿੱਚ ਆਪਣੇ ਜੀਵਨ ਦੀ
ਸਾਰੀ ਕਮਾਈ ਪਾ ਦਿੱਤੀ ਹੈ।"

---

## ਅਧਿਐਨ

**12:1-12** - ਮੱਤੀ 21:22-27

**12:13-17** - ਮੱਤੀ 22:15-22

**12:15** - ਮੱਤੀ 6:2,5,16; 7:5; 23:13-28; ਲੂਕਾ 12:1; 19:15; 1ਤਿਮੋ 4:2; 1ਪਤ 2:1

**12:18-27** - ਮੱਤੀ 22:23-23

**12:29** - ਬਿਵਸਥਾ 6:41 **'ਪ੍ਰਭੂ'** ਇਸਦਾ ਮਤਲਬ ਹੈ ਯਹੋਵਾਹ-ਇਹ ਪੁਰਾਣੇ ਨਿਯਮ ਵਿੱਚ ਪਰਮੇਸ਼ੁਰ ਦਾ ਨਾਮ ਹੈ।

12:33 - 1ਸਮੂਏਲ 15:22; ਹੋਸ਼ੇਆ 6:6; ਮੀਕਾਹ 6:6-8 ਦੇਖੋ।
12:34 - ਸਵੀਕਾਰ ਕਰਕੇ ਉਸ ਵਿਅਕਤੀ ਨੇ ਕੁਝ ਆਤਮਿਕ ਸਮਝ ਅਤੇ ਹਲੀਮੀ ਦਿਖਾਈ ਅਤੇ ਇਹ ਠੀਕ ਵੀ ਸੀ। ਇਹ ਪਰਮੇਸ਼ੁਰ ਦੇ ਰਾਜ ਦੇ ਕੋਲ ਸੀ ਪਰ ਅੰਦਰ ਨਹੀਂ।ਇਸੇ ਪ੍ਰਕਾਰ ਹਰ ਪੀੜੀ ਵਿੱਚ ਹੁੰਦਾ ਹੈ।

12:35 - "**ਦਾਊਦ ਦਾ ਪੁੱਤਰ**" ਮੱਤੀ 1:1 ਦੇ ਨੋਟਸ ਦੇਖੋਂ।
12:36 - ਸ਼ਬਦ "**ਪਵਿੱਤਰ ਆਤਮਾ ਦੇ ਦੁਆਰਾ**" ਧਿਆਨ ਦਿਓ (ਮੱਤੀ 22:43)
12:38-39 - ਮੱਤੀ 23:5-7 ਨਾਲ ਤੁਲਨਾ ਕਰੋ।
12:40 - ਬਾਹਰੋਂ ਉਹ ਧਰਮੀਂ ਦਿਖਦੇ ਸਨ ਪਰ ਅੰਦਰੋਂ ਲਾਲਚੀ, ਨਿਰਦਈ ਅਤੇ ਕਮਜ਼ੋਰ ਅਤੇ ਬੇਸਹਾਰਾ ਦਾ ਲਾਭ ਉਠਾਉਣ ਵਾਲੇ। ਮੱਤੀ23:25-28 ਵਿੱਚ ਪਖੰਡੀਆਂ ਦੇ ਭੇਦ ਖੋਲੇ ਗਏ ਹਨ।
12:41 - ਮੰਦਰ ਦੇ ਬਾਹਰ ਇੱਕ ਸੰਦੂਕੜੀ ਸੀ।
12:42 - ਯੂਨਾਨੀ ਭਾਸ਼ਾ ਵਿੱਚ ਸਿੱਕਾ ਸਭ ਤੋਂ ਛੋਟਾ ਸਰਾਫ਼ ਸੀ। ਉਸਨੇ ਦੋਵੇਂ ਪਾ ਦਿੱਤੇ ਅਤੇ ਆਪਣੇ ਲਈ ਇੱਕ ਵੀ ਨਾ ਰੱਖਿਆ।
12:43-44 - ਪਰਮੇਸ਼ੁਰ ਨੂੰ ਦੇਣ ਦੇ ਬਾਰੇ ਵਿੱਚ ਅਸੀਂ ਦੇਖਦੇ ਹਾਂ ਕਿ ਇੱਕ ਖਾਸ ਗੱਲ ਪ੍ਰਭੂ ਸਿਖਾਉਣਾ ਚਾਹੁੰਦੇ ਹਨ। ਉਹ ਦੇਖਦੇ ਹਨ ਕਿ ਅਸੀਂ ਕਿ ਭੇਂਟ ਦਿੱਤੀ ਹੈ।(ਇਬ 4:12,13)

ਯਿਸੂ ਬਹੁਤਾ ਦੇਣ ਵਾਲਿਆਂ ਤੋਂ ਖੁਸ਼ ਨਹੀਂ ਹੁੰਦੇ ਹਨ। ਉਨ੍ਹਾਂ ਦੀ ਨਿਗਾਹ ਵਿੱਚ ਛੋਟੀ ਭੇਂਟ ਵੱਡੇ ਧਨ ਨਾਲੋਂ ਜਿਆਦਾ ਮੱਹਤਵਪੂਰਨ ਹੈ।ਯਿਸੂ ਇਹ ਦੇਖਦੇ ਹਨ ਕਿ ਦੇਣ ਵਾਲਿਆਂ ਦਾ ਵਤੀਰਾ ਅਤੇ ਬਲੀਦਾਨ ਕੀ ਹੈ। ਉਹ ਇਹ ਨਹੀਂ ਦੇਖਦੇ ਕਿ ਇੱਕ ਮਨੁੱਖ ਕਿੰਨਾ ਦਿੰਦਾ ਹੈ। ਪਰ ਇਹ ਕਿ ਕਿੰਨਾ ਆਪਣੇ ਲਈ ਰੱਖ ਲੈਂਦਾ ਹੈ। ਗਰੀਬ ਵਿਸ਼ਵਾਸੀਆਂ ਦੀ ਭੇਂਟ ਵਿੱਚ ਪ੍ਰਭੂ ਦਿਲਚਸਪੀਂ ਲੈਂਦੇ ਹਨ। ਤੁਲਨਾ ਕਰੋ (2ਕੁੰਰਿ 8:1-5, 12)

## ਅਧਿਆਏ-13

1 **ਜਿਵੇਂ** ਯਿਸੂ ਹੈਕਲ ਵਿੱਚੋਂ ਬਾਹਰ ਆਏ, ਉਨ੍ਹਾਂ ਦੇ ਇੱਕ ਚੇਲੇ ਨੇ ਕਿਹਾ, "ਗੁਰੂ
ਜੀ, ਦੇਖੋਂ ਇੱਥੇ ਕਿਸ ਤਰ੍ਹਾਂ ਦੇ ਪੱਥਰ ਅਤੇ ਇਮਾਰਤਾਂ ਹਨ।" 2 **ਯਿਸੂ** ਨੇ
ਕਿਹਾ, "ਤੁਸੀਂ ਇਸ ਤਰ੍ਹਾਂ ਦੀਆਂ ਇਮਾਰਤਾਂ ਦੀ ਗੱਲ ਕਰ ਰਹੇ ਹੋ।" ਇੱਥੇ ਇਸ
ਤਰ੍ਹਾਂ ਦਾ ਕੋਈ ਪੱਥਰ ਨਹੀਂ ਹੈ ਜੋ ਹੇਠਾਂ ਨਾ ਸੁੱਟਿਆ ਜਾਵੇ। 3 **ਜਦੋਂ** ਯਿਸੂ ਜ਼ੈਤੂਨ
ਦੇ ਪਹਾੜ ਉੱਤੇ ਬੈਠੇ ਸਨ, ਪਤਰਸ, ਯਾਕੂਬ ਅਤੇ ਅੰਦਰਿਆਸ ਨੇ ਇਕਾਂਤ ਵਿੱਚ
ਯਿਸੂ ਤੋਂ ਪੁੱਛਿਆ, 4 "**ਸਾਨੂੰ** ਇਹ ਦੱਸੋ ਕਿ ਇਹ ਕਦੋਂ ਹੋਵੇਗਾ?" ਅਤੇ ਇਹ
ਗੱਲਾਂ ਦੇ ਪੂਰੇ ਹੋਣ ਦੇ ਕੀ ਚਿੰਨ੍ਹ ਹੋਣਗੇ? 5 **ਯਿਸੂ** ਨੇ ਉਨ੍ਹਾਂ ਨੂੰ ਉੱਤਰ ਦਿੱਤਾ,
"ਚੌਕਸ ਰਹੋ ਕੋਈ ਤੁਹਾਨੂੰ ਧੋਖਾ ਨਾ ਦੇਵੇ। 6 **ਮੇਰੇ** ਨਾਮ ਉੱਤੇ ਬਹੁਤ ਸਾਰੇ ਲੋਕ
ਆਉਣਗੇ ਅਤੇ ਮਸੀਹ ਹੋਣ ਦਾ ਦਾਅਵਾ ਕਰਕੇ ਬਹੁਤਿਆਂ ਨੂੰ ਭਰਮਾਉਣਗੇ। 7
**ਜਦੋਂ** ਤੁਸੀਂ ਯੁੱਧ ਅਤੇ ਯੁੱਧ ਦੀਆਂ ਅਫ਼ਵਾਹਾਂ ਸੁਣੋ ਤਾਂ ਘਬਰਾ ਨਾ ਜਾਣਾ ।ਇਨ੍ਹਾਂ
ਘਟਨਾਵਾਂ ਦਾ ਹੋਣਾ ਜ਼ਰੂਰੀ ਹੈ। ਪਰ ਅੰਤ ਅਜੇ ਦੂਰ ਹੈ। 8 **ਇੱਕ** ਦੇਸ਼ ਦੂਜੇ ਦੇਸ਼
ਦੇ ਖ਼ਿਲਾਫ ਅਤੇ ਇੱਕ ਰਾਜ ਦੂਜੇ ਰਾਜ ਦੇ ਖ਼ਿਲਾਫ ਉੱਠਣਗੇ। ਜਗਾਹ-ਜਗਾਹ
ਵਿੱਚ ਭੂਚਾਲ, ਅਕਾਲ ਅਤੇ ਗੜਬੜ ਹੋਵੇਗੀ। ਇਹ ਸਭ ਦੁੱਖਾਂ ਦੀ ਸ਼ੁਰੂਆਤ ਹੈ।
9 **ਪਰ** ਤੁਸੀਂ ਚੌਕਸ ਰਹਿਣਾ, ਕਿਉਂਕਿ ਉਹ ਤੁਹਾਨੂੰ ਮਹਾਂਸਭਾ ਨੂੰ ਸੌਂਪ ਦੇਣਗੇ
ਅਤੇ ਤੁਸੀਂ ਪੰਚਾਇਤਾਂ ਵਿੱਚ ਮਾਰੇ ਜਾਉਗੇ। ਮੇਰੇ ਕਾਰਨ ਤੁਹਾਨੂੰ ਰਾਜਿਆਂ ਅਤੇ
ਅਧਿਕਾਰੀਆਂ ਦੇ ਸਾਹਮਣੇ ਲਿਆਂਦਾ ਜਾਵੇਗਾ ਤਾਂਕਿ ਉਨ੍ਹਾਂ ਦੇ ਸਾਹਮਣੇ ਤੁਸੀਂ ਮੇਰੇ
ਲਈ ਗਵਾਹ ਠਹਿਰੋ। 10 **ਮੇਰੇ** ਨਾਮ ਦੀ ਖੁਸ਼ਖ਼ਬਰੀ ਨੂੰ ਸਾਰੇ ਦੇਸ਼ਾਂ ਵਿੱਚ
ਸੁਣਾਇਆ ਜਾਣਾ ਜ਼ਰੂਰੀ ਹੈ। 11 **ਪਰ** ਜਦ ਉਹ ਤੁਹਾਨੂੰ ਫੜ ਲੈਣ ਅਤੇ
ਅਦਾਲਤ ਵਿੱਚ ਪੇਸ਼ ਕਰਨ ਤਦ ਇਸ ਗੱਲ ਦੀ ਚਿੰਤਾ ਨਾ ਕਰਨਾ ਕਿ ਅਸੀਂ ਕੀ
ਬੋਲਾਂਗੇ, ਉਸ ਸਮੇਂ ਤੁਹਾਨੂੰ ਜੋ ਕੁਝ ਦਿੱਤਾ ਜਾਵੇ ਬੋਲਣਾ ਕਿਉਂਕਿ ਬੋਲਣ ਵਾਲੇ ਤੁਸੀਂ
ਨਹੀਂ ਪਵਿੱਤਰ ਆਤਮਾ ਹੈ। 12 **ਭਰਾ** ਆਪਣੇ ਭਰਾ ਨੂੰ ਅਤੇ ਪਿਤਾ ਆਪਣੇ
ਪੁੱਤਰ ਨੂੰ ਮਰਵਾ ਦੇਵੇਗਾ। ਬੱਚੇ ਆਪਣੇ ਮਾਤਾ ਪਿਤਾ ਦੀ ਵਿਰੁੱਧ ਹੋਣਗੇ ਅਤੇ ਉਨ੍ਹਾਂ
ਨੂੰ ਮਰਵਾ ਦੇਣਗੇ। 13 **ਮੇਰੇ** ਨਾਮ ਦੇ ਕਾਰਨ ਲੋਕ ਤੁਹਾਡੇ ਤੋਂ ਨਫ਼ਰਤ ਕਰਨਗੇ।
ਪਰ ਜੋ ਅੰਤ ਤੋੜੀ ਸਹੇਗਾ, ਉਹੀ ਬਚਾਇਆ ਜਾਵੇਗਾ। 14 **ਪਰ** ਜਦ ਤੁਸੀਂ ਉਸ
ਉਜਾੜਨ ਵਾਲੀ ਚੀਜ਼, ਜਿਸ ਦੇ ਬਾਰੇ ਦਾਨੀਏਲ ਨਬੀ ਨੇ ਦੱਸਿਆ ਸੀ, ਉੱਥੇ ਖੜੀ
ਦੇਖੋ ਜਿੱਥੇ ਉਸਨੂੰ ਨਹੀਂ ਹੋਣਾ ਚਾਹੀਦਾ ਹੈ, ਪੜਣ ਵਾਲਾ ਆਪ ਸਮਝ ਜਾਏ ਤਦ
ਯਹੂਦੀਆ ਨੂੰ ਪਹਾੜਾਂ ਵੱਲ ਭੱਜ ਜਾਣਾ ਚਾਹੀਦਾ ਹੈ।15 **ਜਿਹੜਾ** ਘਰ ਦੀ ਛੱਤ
ਉੱਤੇ ਹੋਵੇ ਹੇਠਾਂ ਨਾ ਉਤਰੇ ਅਤੇ ਨਾ ਹੀ ਚੀਜ਼ ਲੈਣ ਵਾਸਤੇ ਆਪਣੇ ਘਰ ਦੇ ਅੰਦਰ
ਜਾਵੇ। 16 **ਜੋ** ਇਨਸਾਨ ਆਪਣੇ ਖੇਤ ਵਿੱਚ ਹੋਵੇ ਉਹ ਆਪਣਾ ਕੱਪੜਾ ਲੈਣ
ਵਾਪਸ ਨਾ ਆਵੇ।17 **ਪਰ** ਹਾਏ ਗਰਭਵਤੀ ਅਤੇ ਦੁੱਧ ਪਿਲਾਉਣ ਵਾਲੀਆਂ ਮਾਂਵਾ
ਉੱਤੇ। 18 **ਪ੍ਰਾਥਨਾਂ** ਕਰਨਾ ਕਿ ਇਹ ਸਰਦੀ ਦੇ ਦਿਨਾਂ ਵਿੱਚ ਨਾ ਹੋਵੇ।19

**ਕਿਉਂਕਿ** ਉਨ੍ਹਾਂ ਦਿਨਾਂ ਵਿੱਚ ਅਜਿਹੀ ਪੀੜਾ ਹੋਵੇਗੀ ਜਿਹੜੀ ਦੁਨੀਆਂ ਦੇ ਆਰੰਭ
ਤੋਂ ਨਾ ਤਾਂ ਹੋਈ ਹੈ ਅਤੇ ਨਾ ਹੀ ਕਦੀ ਹੋਵੇਗੀ। 20 **ਜੇ** ਪਰਮੇਸ਼ੁਰ ਨੇ ਇਹਨਾਂ
ਦਿਨਾਂ ਨੂੰ ਘੱਟ ਨਾ ਕਰਦਾ ਤਾਂ ਕੋਈ ਮਨੁੱਖ ਬਚ ਨਹੀਂ ਸਕਦਾ, ਪਰ ਚੁਣੇ ਹੋਏ ਲੋਕਾਂ
ਲਈ ਇਨ੍ਹਾਂ ਦਿਨਾਂ ਨੂੰ ਘੱਟ ਕੀਤਾ ਹੈ। 21 **ਤਦ** ਜੇਕਰ ਕੋਈ ਤੁਹਾਨੂੰ ਕੁਝ ਕਹੇ,
ਦੇਖੋ ਮਸੀਹ ਇੱਥੇ ਹੈ ਜਾਂ ਮਸੀਹ ਉੱਥੇ ਹੈ, ਤਾਂ ਤੁਸੀਂ ਉਨ੍ਹਾਂ ਦੀਆਂ ਗੱਲਾਂ ਦਾ
ਵਿਸ਼ਵਾਸ ਨਾ ਕਰਨਾ। 22 **ਇਸ** ਲਈ ਕਿ ਉਸ ਸਮੇਂ ਝੂਠੇ ਮਸੀਹ ਅਤੇ ਝੂਠੇ
ਨਬੀ ਉੱਠਣਗੇ, ਜੋ ਚਿੰਨ੍ਹ ਅਤੇ ਚਮਤਕਾਰ ਦਿਖਾਉਣਗੇ ਤਾਂਕਿ ਲੋਕਾਂ ਨੂੰ ਭਰਮਾਉਣ
ਇਥੋਂ ਤੱਕ ਕਿ ਚੁਣੇ ਹੋਇਆ ਨੂੰ ਵੀ। 23 **ਪਰ** ਵੇਖੋ ਮੈਂ ਤੁਹਾਨੂੰ ਪਹਿਲਾਂ ਤੋਂ ਹੀ
ਇਹ ਗੱਲਾਂ ਦੱਸਦਾ ਹਾਂ, 24 **ਪਰ** ਉਸ ਸਮੇਂ ਪੀੜਾ ਤੋਂ ਬਾਅਦ ਸੂਰਜ ਦੀ ਰੋਸ਼ਨੀ
ਜਾਂਦੀ ਰਹੇਗੀ ਅਤੇ ਚੰਦਰਮਾ ਵੀ ਰੋਸ਼ਨੀ ਨਾ ਦੇਵੇਗਾ।25 **ਅਕਾਸ਼** ਤੋਂ ਤਾਰੇ
ਡਿੱਗਣਗੇ ਅਤੇ ਆਕਾਸ਼ ਦੀਆਂ ਤਾਕਤਾਂ ਹਿਲਾਈਆਂ ਜਾਣਗੀਆਂ। 26 **ਤਦ** ਉਹ
ਮਨੁੱਖ ਦੇ ਪੁੱਤਰ ਨੂੰ ਵੱਡੀ ਬਲ ਅਤੇ ਸ਼ਾਨ ਦੇ ਨਾਲ ਬੱਦਲਾਂ ਤੇ ਆਉਂਦਿਆਂ
ਦੇਖਣਗੇ। 27 **ਤਦ** ਪਰਮਸ਼ੁਰ ਆਪਣੇ ਚੁਣਿਆ ਹੋਇਆ ਨੂੰ ਚੋਹਾਂ ਦਿਸ਼ਾਵਾਂ ਤੋਂ
ਇੱਕਠਾ ਕਰਨ ਲਈ ਆਪਣੇ ਸਵਰਗ ਦੂਤਾਂ ਨੂੰ ਘੱਲੇਗਾ, ਤਾਂਕਿ ਧਰਤੀ ਦੇ ਦੂਰ ਦੂਰ
ਦੇ ਲੋਕਾਂ ਨੂੰ ਇੱਕਠਿਆਂ ਕਰਨ। 28 **ਅੰਜੀਰ** ਦੇ ਰੁੱਖ ਤੋਂ ਸਿੱਖੋ।ਜਿਵੇਂ ਇਸ
ਦੀਆਂ ਟਾਹਣੀਆਂ ਕੋਮਲ ਹੋ ਜਾਂਦੀਆਂ ਹਨ ਅਤੇ ਪੱਤੇ ਨਿਕਲਦੇ ਹਨ ਤੁਸੀਂ ਸਮਝ
ਜਾਂਦੇ ਹੋ ਕਿ ਗਰਮੀ ਦਾ ਮੌਸਮ ਨੇੜੇ ਹੈ। 29 **ਇਸੇ** ਪ੍ਰਕਾਰ ਜਦ ਤੁਸੀਂ ਇਨ੍ਹਾਂ
ਘਟਨਾਵਾਂ ਨੂੰ ਹੁੰਦਿਆਂ ਵੇਖੋ ਤਦ ਸਮਝ ਲੈਣਾ ਕਿ ਉਹ ਆਉਣ ਵਾਲਾ ਹੈ ਬਲਕਿ
ਦਰਵਾਜੇ ਵਿੱਚ ਹੀ ਹੈ।30 **ਮੈਂ** ਤੁਹਾਨੂੰ ਸੱਚ ਆਖਦਾ ਹਾਂ ਕਿ ਜਦੋਂ ਤੱਕ ਇਹ
ਸਾਰੀਆ ਗੱਲਾਂ ਪੂਰੀਆ ਨਾ ਹੋ ਜਾਣ, ਇਹ ਪੀੜੀ ਖਤਮ ਨਹੀਂ ਹੋਵੇਗੀ। 31
**ਆਕਾਸ਼** ਅਤੇ ਧਰਤੀ ਟੱਲ ਜਾਣਗੇ ਪਰ ਮੇਰੇ ਬਚਨਾਂ ਦੀ ਇੱਕ ਬਿੰਦੀ ਵੀ ਨਹੀਂ
ਟਲੇਗੀ। 32 **ਪਰ** ਉਸ ਸਮੇਂ ਦੇ ਬਾਰੇ ਕੋਈ ਨਹੀਂ ਜਾਣਦਾ, ਇੱਥੇ ਤੱਕ ਕਿ
ਸਵਰਗ ਦੇ ਸਵਰਗਦੂਤ, ਨਾ ਪੁੱਤਰ (ਮੈਂ) ਕੇਵਲ ਪਰਮੇਸ਼ੁਰ ਪਿਤਾ ਜਾਣਦੇ ਹਨ।
33 **ਸੁਚੇਤ** ਰਹੋ ਅਤੇ ਜਾਗਦੇ ਰਹੋ, ਕਿਉਂਕਿ ਤੁਸੀ ਉਸ ਘੜੀ ਬਾਰੇ ਨਹੀਂ ਜਾਣਦੇ
ਹੋ। 34 **ਇਹ** ਉਹ ਆਦਮੀ ਦੀ ਤਰ੍ਹਾਂ ਹੈ ਜੋ ਪਰਦੇਸ਼ ਜਾਂਦੇ ਸਮੇਂ ਆਪਣਾ ਘਰ
ਬਾਰ ਨੌਕਰਾਂ ਦੇ ਹੱਥਾਂ ਵਿੱਚ ਦੇ ਜਾਵੇ। ਹਰ ਨੌਕਰ ਨੂੰ ਉਸਦਾ ਕੰਮ ਦੱਸ ਜਾਵੇ ਅਤੇ
ਦਰਵਾਨ ਨੂੰ ਸਾਵਧਾਨ ਰਹਿਣ ਦੀ ਆਗਿਆ ਦੇ ਜਾਵੇ। 35 **ਇਸ** ਲਈ ਸਾਵਧਾਨ
ਰਹੋ, ਕਿਉਂਕਿ ਤੁਸੀ ਨਹੀਂ ਜਾਣਦੇ ਕਿ ਮਾਲਕ ਕਦੋਂ ਆਵੇਗਾ-ਸਾਮ ਨੂੰ, ਅੱਧੀ
ਰਾਤ, ਤੜਕੇ ਜਾਂ ਦਿਨ ਚੜੇ।36 **ਕਿਤੇ** ਇਵੇਂ ਨਾ ਹੋਵੇ ਕਿ ਉਹ ਅਚਾਨਕ ਆਵੇ
ਅਤੇ ਤੁਹਾਨੂੰ ਸੁੱਤਿਆਂ ਪਾਵੇ ।37 **ਜੋ** ਮੈਂ ਤੁਹਾਨੂੰ ਆਖਦਾ ਹਾਂ ਉਹੀ ਦੂਜਿਆਂ ਨੂੰ
ਆਖਦਾ ਹਾਂ, ਜਾਗਦੇ ਰਹੋ।

---

## ਅਧਿਐਨ

**13:11** - ਮੱਤੀ 10:19,20
"ਪਵਿੱਤਰ ਆਤਮਾ"-ਮੱਤੀ 3:16; ਯਹੂੰਨਾਂ 14:16,17
**13:12,13** - ਮੱਤੀ 10:21-22
**13:14** - ਮੱਤੀ 24:15
"ਇੱਥੇ ਇਹਨੂੰ ਨਹੀਂ ਹੋਣਾ ਚਾਹੀਦਾ" ਇਸਦਾ ਮਤਲਬ ਹੈ।ਹੈਕਲ।ਤੁਲਨਾ ਕਰੋ 1 ਥਿੱਸੋ 2:4
**13:29** - "**ਜਾਣ ਲਵੋਂ ਕਿ ਕੋਲ ਹੀ ਹੈ**" ਦੂਜੇ ਸ਼ਬਦਾਂ ਵਿੱਚ "**ਜਾਣ ਲਵੋਂ ਕਿ ਇਹ ਕੋਲ ਹੀ ਹੈ।**"
**13:30** - "**ਇਹ ਪੀੜੀ**"- ਜਾਂ ਇਹ ਯੁੱਗ
**13:32-37** - ਇੱਥੇ ਯਿਸੂ ਦੇ ਦੁਬਾਰਾ ਆਉਣ ਬਾਰੇ ਚੌਕਸ ਰਹਿਣ ਨੂੰ ਕਿਹਾ ਗਿਆ ਹੈ।(ਆਇਤ 33,35,37)

## ਅਧਿਐਨ-14

1 ਪਸਾਹ ਅਤੇ ਅਖਮੀਰੀ ਰੋਟੀ ਦੇ ਤਿਉਹਾਰ ਵਿੱਚ ਦੋ ਦਿਨ ਬਾਕੀ ਸਨ ਮਹਾਂ
ਪੁਰੋਹਿਤ ਅਤੇ ਧਰਮ ਗ੍ਰੰਥੀ ਇਸ ਤਾਂਗ ਵਿੱਚ ਸਨ ਕਿ ਯਿਸੂ ਨੂੰ ਧੋਖੇ ਨਾਲ ਕਿਵੇਂ
ਫੜਣ ਅਤੇ ਮਾਰ ਦੇਣ।2 **ਪਰ** ਇੰਨ੍ਹਾਂ ਲੋਕਾਂ ਨੇ ਕਿਹਾ, "ਤਿਉਹਾਰ ਦੇ ਦਿਨ ਨਹੀਂ,
ਨਹੀਂ ਤਾਂ ਲੋਕੀ ਕੋਈ ਬਲਵਾ ਨਾ ਕਰ ਦੇਣ। 3 **ਜਦੋਂ** ਯਿਸੂ ਬੈਤਨੀਆ ਵਿੱਚ
ਸ਼ਮਊਨ ਕੋੜ੍ਹੀ ਦੇ ਘਰ ਖਾਣਾ ਖਾਣ ਦੇ ਲਈ ਬੈਠੇ ਸਨ; ਇੱਕ ਔਰਤ ਖੁਸ਼ਬੂਦਾਰ
ਅਤਰ ਦੀ ਬੋਤਲ ਲੈ ਕੇ ਉੱਥੇ ਆਈ (ਇਹ ਬਹੁਤ ਹੀ ਕੀਮਤੀ ਸੀ) ਉਸਨੇ ਬੋਤਲ
ਤੋੜ ਕੇ ਅਤਰ ਯਿਸੂ ਦੇ ਸਿਰ ਦੇ ਡੋਲ੍ਹ ਦਿੱਤਾ। 4 **ਉਨ੍ਹਾਂ** ਵਿੱਚੋਂ ਕੁਝ ਲੋਕਾਂ ਨੇ
ਨਰਾਜ਼ਗੀ ਦਿਖਾਉਂਦੇ ਹੋਏ ਕਿਹਾ, "ਇਸ ਅਤਰ ਨੂੰ ਖਰਾਬ ਕਿਉਂ ਕੀਤਾ ਗਿਆ?
5 **ਇਸ** ਅਤਰ ਨੂੰ ਤਿੰਨ ਸੌ ਚਾਂਦੀ ਦੇ ਸਿੱਕਿਆਂ ਦਾ ਵੇਚ ਕੇ ਗਰੀਬਾਂ ਦੀ ਮਦਦ

ਕੀਤੀ ਜਾ ਸਕਦੀ ਸੀ, ਕਈਆਂ ਨੇ ਇਸ ਗੱਲ ਦੀ ਸ਼ਿਕਾਇਤ ਕੀਤੀ। 6 **ਪਰ**
ਯਿਸੂ ਨੇ ਉਨ੍ਹਾਂ ਨੂੰ ਕਿਹਾ, “ਉਸਨੂੰ ਕਿਉਂ ਤੰਗ ਕਰ ਰਹੇ ਹੋ? ਉਸਨੂੰ ਕੁਝ ਨਾ
ਬੋਲੋ।ਉਸਨੇ ਮੇਰੇ ਲਈ ਚੰਗਾ ਕੰਮ ਕੀਤਾ ਹੈ। 7 **ਇਸ** ਲਈ ਕਿ ਗਰੀਬ ਤਾਂ
ਹਮੇਸ਼ਾਂ ਤੁਹਾਡੇ ਨਾਲ ਰਹਿਣਗੇ, ਜਦੋਂ ਤੁਸੀਂ ਚਾਹੋ ਉਨ੍ਹਾਂ ਦੀ ਮਦਦ ਕਰ ਸਕਦੇ ਹੋ।
ਪਰ ਮੈਂ ਤੁਹਾਡੇ ਨਾਲ ਹਮੇਸ਼ਾਂ ਨਹੀ ਰਹਾਂਗਾ। 8 **ਉਸਨੇ** ਉਹ ਕੀਤਾ ਜੋ ਉਸਨੂੰ
ਕਰਨਾ ਚਾਹੀਦਾ ਸੀ।ਇਸ ਤੋਂ ਪਹਿਲਾਂ ਕਿ ਮੈਂ ਦਫਨਾਇਆ ਜਾਵਾਂ ਉਸਨੇ ਮੇਰਾ
ਅਭਿਸ਼ੇਕ ਕੀਤਾ। 9 **ਮੈਂ** ਤੁਹਾਨੂੰ ਸੱਚ ਕਹਿੰਦਾ ਹਾਂ ਕਿ ਇਸ ਸੰਸਾਰ ਵਿੱਚ ਜਿੱਥੇ
ਕਿਤੇ ਖੁਸ਼ ਖਬਰੀ ਦਾ ਪ੍ਰਚਾਰ ਕੀਤਾ ਜਾਵੇਗਾ, ਜੋ ਕੁਝ ਉਸਨੇ ਕੀਤਾ ਲੋਕ ਇਸਨੂੰ
ਯਾਦ ਕਰਨਗੇ। 10 **ਯਹੂਦਾ** ਇਸਕਰਯੋਤੀ ਜੋ ਬਾਰ੍ਹਾਂ ਵਿੱਚੋਂ ਇੱਕ ਸੀ, ਯਿਸੂ ਨੂੰ
ਫੜਵਾਉਣ ਦੇ ਲਈ ਮਹਾਂ ਪੁਰੋਹਿਤਾਂ ਦੇ ਕੋਲ ਪਹੁੰਚਿਆ। 11 **ਜਦੋਂ** ਉਨ੍ਹਾਂ ਨੇ ਇਹ
ਸੁਣਿਆ ਤਾਂ ਉਹ ਖੁਸ਼ ਹੋਏ ਅਤੇ ਉਸਨੂੰ ਕੁਝ ਪੈਸੇ ਦੇਣ ਦਾ ਵਾਅਦਾ ਕੀਤਾ।ਮੌਕਾ
ਮਿਲਣ ਤੇ ਉਹ ਯਿਸੂ ਨੂੰ ਫੜਵਾਉਣ ਵਾਲਾ ਸੀ। 12 **ਅਖਮੀਰੀ** ਰੋਟੀ ਦੇ
ਤਿਉਹਾਰ ਦੇ ਪਹਿਲੇ ਦਿਨ ਜਦੋਂ ਪਸਾਹ ਦਾ ਲੇਲਾ ਮਾਰਿਆ ਜਾਣਾ ਸੀ, ਚੇਲਿਆਂ
ਨੇ ਯਿਸੂ ਤੋਂ ਪੁੱਛਿਆ, “ਤੁਸੀਂ ਕਿੱਥੇ ਚਹੁੰਦੇ ਹੋ ਕਿ ਅਸੀਂ ਪਸਾਹ ਖਾਣ ਦੀ
ਤਿਆਰੀ ਕਰੀਏ?” 13 **ਯਿਸੂ** ਨੇ ਦੋ ਚੇਲਿਆਂ ਨੂੰ ਇਹ ਕਹਿ ਕੇ ਭੇਜਿਆ,
“ਨਗਰ ਨੂੰ ਜਾਓ ਅਤੇ ਤੁਹਾਨੂੰ ਪਾਣੀ ਦਾ ਘੜਾ ਚੁੱਕੀ ਇੱਕ ਵਿਅਕਤੀ ਮਿਲੇਗਾ,
ਉਸਦੇ ਪਿੱਛੇ-ਪਿੱਛੇ ਜਾਣਾ। 14 **ਜਿਸ** ਘਰ ਵਿੱਚ ਉਹ ਦਾਖਲ ਹੋਵੇ ਉਸਦੇ ਮਾਲਿਕ
ਨੂੰ ਕਹਿਣਾ ਕਿ ਗੁਰੂ ਜੀ ਕਹਿੰਦੇ ਹਨ ਕਿ ਉਹ ਮਹਿਮਾਨ ਘਰ ਕਿੱਥੇ ਹੈ, ਜਿੱਥੇ
ਆਪਣੇ ਚੇਲਿਆਂ ਦੇ ਨਾਲ ਉਹ ਪਸਾਹ ਖਾਣਗੇ।? 15 **ਉਹ** ਤੁਹਾਨੂੰ ਇੱਕ ਵੱਡਾ
ਜਿਹਾ ਤਿਆਰ ਕੀਤਾ ਕਮਰਾ ਦਿਖਾ ਦੇਵੇਗਾ, ਉੱਥੇ ਹੀ ਸਾਡੇ ਸਾਰਿਆਂ ਦੇ ਲਈ
ਤਿਆਰੀ ਕਰਨਾ।” 16 **ਯਿਸੂ** ਦੇ ਚੇਲੇ ਉੱਥੋਂ ਤੁਰ ਪਏ, ਨਗਰ ਵਿੱਚ ਆਏ ਅਤੇ
ਜਿਸ ਪ੍ਰਕਾਰ ਉਨ੍ਹਾਂ ਨੂੰ ਕਿਹਾ ਗਿਆ ਸੀ ਉਸੇ ਪ੍ਰਕਾਰ ਹੋਇਆ।ਉਨ੍ਹਾਂ ਨੇ ਪਸਾਹ ਦੀ
ਤਿਆਰੀ ਕੀਤੀ। 17 **ਸ਼ਾਮ** ਨੂੰ ਉਹ ਬਾਰ੍ਹਾਂ ਦੇ ਨਾਲ ਆਏ। 18 **ਜਦੋਂ** ਉਹ ਯਿਸੂ
ਦੇ ਨਾਲ ਬੈਠੇ ਖਾ ਰਹੇ ਸਨ, ਯਿਸੂ ਨੇ ਕਿਹਾ, “ਮੈਂ ਸੱਚ-ਸੱਚ ਕਹਿੰਦਾ ਹਾਂ ਕਿ
ਤੁਹਾਡੇ ਵਿੱਚੋਂ ਇੱਕ ਜਣਾ ਮੈਨੂੰ ਫੜਵਾਏਗਾ, ਉਹ ਇਸ ਸਮੇਂ ਮੇਰੇ ਨਾਲ ਖਾਣਾ ਖਾ
ਰਿਹਾ ਹੈ।” 19 **ਉਹ** ਸਾਰੇ ਦੁਖੀ ਹੋਏ ਅਤੇ ਆਪੋ ਵਿੱਚ ਕਹਿਣ ਲੱਗੇ, ਕੀ ਉਹ
ਮੈਂ ਹਾਂ? ਦੂਜਾ ਬੋਲਿਆਂ ਕਿ ਉਹ ਮੈਂ ਹਾਂ? 20 **ਯਿਸੂ** ਨੇ ਜਵਾਬ ਵਿੱਚ ਕਿਹਾ,
“ਬਾਰ੍ਹਾਂ ਵਿੱਚੋਂ ਇੱਕ ਜਨ, ਜੋ ਬਰਤਨ ਵਿੱਚ ਮੇਰੇ ਨਾਲ ਹੱਥ ਪਾ ਰਿਹਾ ਹੈ। 21
**ਜਿਵੇਂ** ਮਨੁੱਖ ਦੇ ਪੁੱਤਰ ਦੇ ਬਾਰੇ ਲਿਖਿਆ ਹੈ,ਅਜਿਹਾ ਤਾਂ ਉਸਦੇ ਨਾਲ ਹੋਣਾ ਹੀ ਹੈ
ਪਰ ਅਫ਼ਸੋਸ ਉਸ ਦੇ ਲਈ, ਜਿਸ ਦੇ ਦੁਆਰਾ ਉਹ ਫੜਵਾਇਆ ਜਾਏਗਾ। ਚੰਗਾ
ਹੁੰਦਾ ਜੇਕਰ ਉਹ ਵਿਅਕਤੀ ਪੈਦਾ ਹੀ ਨਾ ਹੁੰਦਾ। 22 **ਜਦੋਂ** ਉਹ ਖਾ ਹੀ ਰਹੇ

ਸਨ, ਯਿਸੂ ਨੇ ਰੋਟੀ ਲਈ ਅਤੇ ਬਰਕਤ ਦਿੱਤੀ।ਫਿਰ ਯਿਸੂ ਤੋੜ ਕੇ ਉਨ੍ਹਾਂ ਨੂੰ ਦਿੰਦੇ
ਗਏ ਅਤੇ ਕਿਹਾ, "ਇਹ ਲਵੋ, ਇਹ ਮੇਰਾ ਸਰੀਰ ਹੈ।" 23 **ਫਿਰ** ਯਿਸੂ ਨੇ
ਪਿਆਲਾ ਲਿਆ, ਧੰਨਵਾਦ ਕਰਕੇ ਉਨ੍ਹਾਂ ਨੂੰ ਦਿੱਤਾ ਅਤੇ ਸਭਨਾਂ ਨੇ ਪੀਤਾ। 24
**ਯਿਸੂ** ਨੇ ਉਨ੍ਹਾਂ ਨੂੰ ਕਿਹਾ, "ਇਹ ਨਵੇਂ ਨੇਮ ਦੇ ਮੇਰੇ ਲਹੂ ਨੂੰ ਦਿਖਾਉਂਦਾ ਹੈ, ਜੋ
ਬਹੁਤ ਸਾਰੇ ਲੋਕਾਂ ਦੇ ਲਈ ਬਹਾਇਆ ਜਾਣ ਵਾਲਾ ਹੈ। 25 **ਮੈਂ** ਤੁਹਾਨੂੰ ਸੱਚ
ਕਹਿੰਦਾ ਹਾਂ ਕਿ ਮੈਂ ਅੱਗੇ ਤੋਂ ਅੰਗੂਰ ਦਾ ਰਸ ਨਹੀਂ ਪੀਵਾਂਗਾ ਜਦੋਂ ਤੱਕ ਕਿ
ਪਰਮੇਸ਼ੁਰ ਦੇ ਰਾਜ ਵਿੱਚ ਨਵੇਂ ਅੰਗੂਰ ਦਾ ਰਸ ਨਾ ਪੀਵਾਂ। 26 **ਗੀਤ** ਗਾਉਣ ਦੇ
ਬਾਅਦ ਉਹ ਸਾਰੇ ਜ਼ੈਤੂਨ ਦੇ ਪਹਾੜ ਤੇ ਚਲੇ ਗਏ। 27 **ਯਿਸੂ** ਨੇ ਉਨ੍ਹਾਂ ਨੂੰ ਕਿਹਾ,
"ਇਸੇ ਰਾਤ ਤੁਸੀਂ ਸਾਰੇ ਮੇਰੇ ਕਾਰਨ ਠੋਕਰ ਖਾਉਗੇ, ਕਿਉਂਕਿ ਲਿਖਿਆ ਹੈ, "ਮੈਂ
ਚਰਵਾਹੇ ਨੂੰ ਮਾਰਾਂਗਾ ਅਤੇ ਭੇਡਾਂ ਤਿਤਰ ਬਿਤਰ ਹੋ ਜਾਣਗੀਆਂ। 28 **ਮੇਰੇ** ਜੀ
ਉੱਠਣ ਤੋਂ ਬਾਅਦ ਤੁਹਾਡੇ ਤੋਂ ਪਹਿਲੇ ਮੈਂ ਤੁਹਾਡੇ ਅੱਗੇ ਗਲੀਲ ਜਾਵਾਂਗਾ। 29
**ਪਤਰਸ** ਬੋਲ ਉੱਠਿਆ, "ਭਾਵੇਂ ਸਾਰੇ ਠੋਕਰ ਖਾਣ, ਪਰ ਮੈਂ ਨਹੀ ਖਾਵਾਂਗਾ।"
30 **ਯਿਸੂ** ਬੋਲੇ, "ਮੈਂ ਤੁਹਾਨੂੰ ਸੱਚ-ਸੱਚ ਕਹਿੰਦਾ ਹਾਂ, ਅੱਜ ਹੀ ਰਾਤ ਇਸਤੋਂ
ਪਹਿਲਾਂ ਕਿ ਮੁਰਗਾ ਬਾਂਗ ਦੇਵੇ, ਤੂੰ ਤਿੰਨ ਵਾਰੀ ਮੇਰਾ ਇਨਕਾਰ ਕਰ ਚੁੱਕਾ
ਹੋਵੇਂਗਾ। 31 **ਪਤਰਸ** ਨੇ ਹੋਰ ਜ਼ੋਰ ਦੇ ਕੇ ਕਿਹਾ, "ਭਾਵੇਂ ਮੈਨੂੰ ਤੇਰੇ ਨਾਲ ਮਰਨਾ
ਵੀ ਪਏ ਮੈਂ ਤੇਰਾ ਇਨਕਾਰ ਨਹੀ ਕਰਾਂਗਾ।ਇਹ ਗੱਲ ਬਾਕੀ ਚੇਲਿਆਂ ਨੇ ਵੀ
ਕਹੀ। 32 **ਉਹ** ਸਾਰੇ ਗਤਸਮਨੀ ਨਾਮ ਦੇ ਸਥਾਨ ਤੇ ਆਏ, ਉੱਥੇ ਯਿਸੂ ਚੇਲਿਆਂ
ਨੂੰ ਕਿਹਾ, "ਤੁਸੀਂ ਸਾਰੇ ਇੱਥੇ ਬੈਠੋ, ਜਦੋਂ ਤੱਕ ਮੈਂ ਪ੍ਰਾਥਨਾਂ ਕਰਦਾ ਹਾਂ।" 33
**ਯਿਸੂ** ਪਤਰਸ, ਯਾਕੂਬ ਅਤੇ ਯਹੂੰਨਾ ਨੂੰ ਨਾਲ ਲੈ ਗਏ, ਯਿਸੂ ਮਨ ਵਿੱਚ ਬਹੁਤ
ਪਰੇਸ਼ਾਨ ਅਤੇ ਵਿਆਕੁਲ ਹੋਣ ਲੱਗੇ। 34 **ਯਿਸੂ** ਨੇ ਉਨ੍ਹਾਂ ਤਿੰਨਾਂ ਨੂੰ ਕਿਹਾ, "ਮੇਰਾ
ਮਨ ਬਹੁਤ ਦੁਖੀ ਹੈ, ਲੱਗਦਾ ਹੈ ਜਿਵੇਂ ਜਾਨ ਨਿੱਕਲ ਜਾਵੇਗੀ।ਇੱਥੇ ਰੁਕੋ ਅਤੇ
ਜਾਗਦੇ ਰਹੋ। 35 **ਥੋੜੀ** ਦੂਰ ਜਾ ਕੇ ਯਿਸੂ ਜ਼ਮੀਨ ਤੇ ਡਿੱਗ ਕੇ ਇਹ ਪ੍ਰਾਥਨਾਂ
ਕੀਤੀ, "ਜੇਕਰ ਸੰਭਵ ਹੋਵੇ ਤਾਂ ਇਹ ਦੁੱਖ ਦਾ ਸਮਾਂ ਮੇਰੇ ਤੋਂ ਦੂਰ ਹੋ ਜਾਏ। 36
**ਯਿਸੂ** ਨੇ ਕਿਹਾ, "ਅੱਬਾ, ਪਿਤਾ ਤੁਹਾਡੇ ਲਈ ਸਭ ਕੁਝ ਸੰਭਵ ਹੈ।ਇਹ ਦੁੱਖਾਂ ਦਾ
ਪਿਆਲਾ ਮੇਰੇ ਤੋਂ ਦੂਰ ਕਰ ਦੇਵੋ।ਫਿਰ ਵੀ ਮੇਰੀ ਨਹੀਂ ਪਰ ਤੁਹਾਡੀ ਮਰਜੀ ਪੂਰੀ
ਹੋਵੇ। 37 **ਫਿਰ** ਯਿਸੂ ਵਾਪਸ ਆਏ ਅਤੇ ਸਾਰਿਆਂ ਨੂੰ ਸੁੱਤੇ ਹੋਏ ਦੇਖਿਆ ਅਤੇ
ਪਤਰਸ ਨੂੰ ਕਿਹਾ, "ਸ਼ਮਾਊਨ ਕੀ ਤੂੰ ਸੌਂ ਰਿਹਾ ਹੈਂ? ਕੀ ਤੁਸੀਂ ਇੱਕ ਘੰਟਾ ਵੀ
ਮੇਰੇ ਨਾਲ ਜਾਗ ਨਹੀ ਸਕੇ?" 38 **ਜਾਗਦੇ** ਰਹੋ ਅਤੇ ਪ੍ਰਾਥਨਾਂ ਕਰੋ ਤਾਂ ਕਿ ਤੁਸੀਂ
ਪਰਤਾਵੇ ਵਿੱਚ ਨਾ ਪਵੋ।ਆਤਮਾ ਤਾਂ ਤਿਆਰ ਹੈ ਪਰ ਸਰੀਰ ਕਮਜ਼ੋਰ ਹੈ। 39
**ਫਿਰ** ਯਿਸੂ ਅੱਗੇ ਗਏ ਅਤੇ ਪ੍ਰਾਥਨਾਂ ਕੀਤੀ ਅਤੇ ਉਹੀ ਸ਼ਬਦ ਕਹੇ। 40 **ਵਾਪਿਸ**
ਆਉਣ ਤੇ ਯਿਸੂ ਨੇ ਫਿਰ ਉਨ੍ਹਾਂ ਨੂੰ ਸੁੱਤੇ ਹੋਏ ਪਾਇਆ, ਉਨ੍ਹਾਂ ਦੀਆਂ ਅੱਖਾਂ ਨੀਂਦ

ਨਾਲ ਭਰੀਆਂ ਹੋਈਆਂ ਸਨ ਅਤੇ ਉਹ ਨਹੀ ਜਾਣਦੇ ਸਨ ਕਿ ਉਹ ਯਿਸੂ ਨੂੰ ਕੀ
ਜਵਾਬ ਦੇਣ। 41 **ਤੀਜੀ** ਵਾਰ ਯਿਸੂ ਆਏ ਅਤੇ ਉਨ੍ਹਾਂ ਨੂੰ ਬੋਲੇ, “ਕੀ ਤੁਸੀਂ ਹੁਣ
ਤੱਕ ਸੌਂ ਰਹੇ ਹੋ ਅਤੇ ਆਰਾਮ ਕਰ ਰਹੇ ਹੋ? ਬਹੁਤ ਹੋ ਚੁੱਕਿਆ, ਉਹ ਸਮਾਂ ਆ
ਚੁੱਕਿਆ ਹੈ ਦੇਖੋ ਮਨੁੱਖ ਦਾ ਪੁੱਤਰ (ਮੈਂ) ਪਾਪੀਆਂ ਦੇ ਹੱਥ ਧੋਖੇ ਨਾਲ ਸੌਂਪਿਆ
ਜਾਵੇਗਾ। 42 **ਉੱਠੋ** ਇੱਥੋਂ ਚੱਲੀਏ। ਵੇਖੋ ਮੈਨੂੰ ਧੋਖਾ ਦੇਣ ਵਾਲਾ ਕੋਲ ਹੀ ਹੈ। 43
**ਯਿਸੂ** ਇਹ ਕਹਿ ਹੀ ਰਹੇ ਸਨ ਕਿ ਬਾਰ੍ਹਾਂ ਵਿੱਚੋਂ ਇੱਕ ਜਿਸਦਾ ਨਾਮ ਯਹੂਦਾ ਸੀ
ਆਇਆ। ਉਸਦੇ ਨਾਲ ਪ੍ਰਧਾਨ ਜ਼ਾਜਕ ਅਤੇ ਧਰਮ ਗ੍ਰੰਥੀਆਂ ਦੇ ਦੁਆਰਾ ਭੇਜੇ
ਗਏ ਲੋਕਾਂ ਦੀ ਭੀੜ ਸੀ।ਉਨ੍ਹਾਂ ਦੇ ਹੱਥਾਂ ਵਿੱਚ ਤਲਵਾਰ ਅਤੇ ਲਾਠੀਆਂ ਸਨ। 44
**ਯਿਸੂ** ਨੂੰ ਫੜਵਾਉਣ ਵਾਲੇ ਨੇ ਇੱਕ ਇਸ਼ਾਰਾ ਦਿੱਤਾ ਹੋਇਆ ਸੀ ਕਿ ਉਹ ਜਿਸਨੂੰ
ਚੁੰਮੇ ਉਹੀ ਯਿਸੂ ਹੈ।ਉਸਨੂੰ ਫੜ ਕੇ ਸੁਰੱਖਿਆ ਦੇ ਨਾਲ ਲੈ ਜਾਣਾ। 45 **ਉੱਥੇ**
ਆਉਂਦੇ ਹੀ ਯਹੂਦਾ ਨੇ ਯਿਸੂ ਨੂੰ ਕਿਹਾ, “ਗੁਰੂ ਜੀ! ਅਤੇ ਫਿਰ ਉਸ ਨੂੰ ਚੁੰਮਿਆ
46 **ਉਨ੍ਹਾਂ** ਲੋਕਾਂ ਨੇ ਯਿਸੂ ਨੂੰ ਫੜ ਲਿਆ। 47 **ਕੋਲ** ਖੜੇ ਲੋਕਾਂ ਵਿੱਚੋਂ ਇੱਕ ਨੇ
ਆਪਣੀ ਤਲਵਾਰ ਕੱਢੀ ਅਤੇ ਵਾਰ ਕਰ ਦਿੱਤਾ, ਜਿਸ ਨਾਲ ਮਹਾਂ ਪੁਰੋਹਿਤ ਦੇ
ਸੇਵਕ ਦਾ ਇੱਕ ਕੰਨ ਵੱਢਿਆ ਗਿਆ। 48 **ਯਿਸੂ** ਨੇ ਕਿਹਾ, “ਤੁਸੀਂ ਤਲਵਾਰਾਂ
ਅਤੇ ਲਾਠੀਆਂ ਲੈ ਕੇ ਮੈਨੂੰ ਫੜਣ ਆਏ ਹੋ, ਕੀ ਮੈਂ ਚੋਰ (ਬਾਗੀ) ਹਾਂ? 49 **ਮੈਂ**
ਹੈਕਲ (ਪ੍ਰਾਥਨਾਂ ਭਵਨ) ਵਿੱਚ ਹਮੇਸ਼ਾਂ ਸਿਖਾਉਂਦਾ ਸੀ,ਉਸ ਸਮੇਂ ਤੁਸੀਂ ਮੈਨੂੰ ਨਹੀਂ
ਫੜਿਆ।ਪਰ ਧਰਮ ਗ੍ਰੰਥਾਂ ਵਿੱਚ ਲਿਖਿਆ ਪੂਰਾ ਹੋਣਾ ਸੀ। 50 **ਉਸ** ਸਮੇਂ ਸਾਰੇ
ਚੇਲੇ ਉੱਥੋਂ ਭੱਜ ਗਏ। 51 **ਇੱਕ** ਨੌਜਵਾਨ ਜਿਸਨੇ ਆਪਣੇ ਸਰੀਰ ਤੇ ਮਲਮਲ ਦੀ
ਚਾਦਰ ਲਈ ਹੋਈ ਸੀ, ਉਨ੍ਹਾਂ ਦੇ ਪਿੱਛੇ ਚੱਲ ਪਿਆ। 52 **ਕੁਝ** ਜਵਾਨਾਂ ਨੇ ਉਸਨੂੰ
ਫੜਣ ਦੀ ਕੋਸਿਸ਼ ਕੀਤੀ ਪਰ ਉਹ ਆਪਣੀ ਚਾਦਰ ਸੁੱਟ ਕੇ ਨੰਗਾ ਹੀ ਭੱਜ
ਗਿਆ। 53 **ਉਹ** ਯਿਸੂ ਨੂੰ ਮਹਾਂ ਪੁਰੋਹਿਤ ਦੇ ਕੋਲ ਲੈ ਗਏ।ਜਿੱਥੇ ਸਾਰੇ ਮਹਾਂ
ਪੁਰੋਹਿਤ, ਬਜ਼ੁਰਗ ਅਗੂਏ ਅਤੇ ਧਰਮ ਗ੍ਰੰਥੀ ਇੱਕਠੇ ਹੋਏ ਸਨ। 54 **ਪਤਰਸ** ਕੁਝ
ਦੂਰੀ ਤੇ ਯਿਸੂ ਦੇ ਪਿੱਛੇ-ਪਿੱਛੇ ਆ ਰਿਹਾ ਸੀ।ਉਹ ਮਹਾਂ ਪੁਰੋਹਿਤ ਦੇ ਵਿਹੜੇ ਵਿੱਚ
ਪਹੁੰਚ ਕੇ ਸੇਵਕਾਂ ਦੇ ਨਾਲ ਅੱਗ ਸੇਕਣ ਲੱਗ ਪਿਆ। 55 **ਮਹਾਂ** ਪੁਰੋਹਿਤ ਅਤੇ
ਸਾਰੀ ਸਭਾ ਯਿਸੂ ਨੂੰ ਮੌਤ ਦੀ ਸਜਾ ਸੁਣਾਉਣ ਦੇ ਲਈ ਗਵਾਹੀਆਂ ਲੱਭ ਰਹੇ
ਸਨ,ਪਰ ਉਹ ਕਾਮਯਾਬ ਨਹੀਂ ਹੋਏ। 56 **ਬਹੁਤਿਆਂ** ਨੇ ਯਿਸੂ ਦੇ ਵਿਰੁੱਧ
ਗਵਾਹੀਆਂ ਦਿੱਤੀਆਂ ਪਰ ਉਹ ਆਪਸ ਵਿੱਚ ਮੇਲ ਨਹੀ ਖਾਂਦੀਆਂ ਸਨ। 57 **ਫਿਰ**
ਕੁਝ ਲੋਕਾਂ ਨੇ ਖੜੇ ਹੋ ਕੇ ਝੂਠੀ ਗਵਾਹੀ ਦਿੰਦੇ ਹੋਏ ਕਿਹਾ, 58 **“ਅਸੀਂ** ਇਸਨੂੰ
ਇਹ ਕਹਿੰਦਿਆਂ ਸੁਣਿਆ, “ਕਿ ਇਹ ਹੈਕਲ (ਪ੍ਰਾਥਨਾਂ ਭਵਨ) ਜੋ ਹੱਥਾਂ ਨਾਲ
ਬਣਿਆ ਹੈ, ਮੈਂ ਬਰਬਾਦ ਕਰ ਦੇਵਾਂਗਾ ਅਤੇ ਤਿੰਨ ਦਿਨਾਂ ਵਿੱਚ ਦੂਸਰਾ ਬਣਾ
ਦੇਵਾਂਗਾ ਜੋ ਮਨੁੱਖੀ ਹੱਥਾਂ ਦਾ ਬਣਿਆ ਹੋਇਆ ਨਹੀ ਹੋਵੇਗਾ। 59 **ਪਰ** ਉਹਨਾਂ ਦੀ

ਗਵਾਹੀਆਂ ਵਿੱਚ ਵੀ ਸਮਾਨਤਾ ਨਹੀ ਸੀ। 60 **ਮਹਾਂ** ਪੁਰੋਹਿਤ ਨੇ ਖੜੇ ਹੋ ਕੇ ਯਿਸੂ
ਨੂੰ ਪੁੱਛਿਆ, “ਤੇਰੇ ਵਿਰੁੱਧ ਦੋਸ਼ ਲੱਗ ਰਹੇ ਹਨ, ਤੂੰ ਜਵਾਬ ਕਿਉਂ ਨਹੀ ਦੇ
ਰਿਹਾ?” 61 **ਯਿਸੂ** ਖਾਮੋਸ਼ ਰਹੇ।ਮਹਾਂ ਪੁਰੋਹਿਤ ਨੇ ਫਿਰ ਤੋਂ ਪੁੱਛਿਆ, “ਕੀ ਤੂੰ
ਪਰਮਪ੍ਰਧਾਨ ਪਰਮੇਸ਼ੁਰ ਦਾ ਪੁੱਤਰ ਮਸੀਹ ਹੈਂ?” 62 **ਯਿਸੂ ਬੋਲੇ**, “ਮੈਂ ਹਾਂ,
ਤੁਸੀਂ ਮਨੁੱਖ ਦੇ ਪੁੱਤਰ ਨੂੰ ਸਰਵਸ਼ਕਤੀਮਾਨ ਦੇ ਸੱਜੇ ਹੱਥ ਬੈਠਾ ਅਤੇ ਪੂਰੇ ਅਧਿਕਾਰ
ਦੇ ਨਾਲ ਆਕਾਸ਼ ਤੋਂ ਬੱਦਲਾਂ ਤੇ ਆਉਂਦਾ ਹੋਇਆ ਦੇਖੋਗੇ।” 63 **ਫਿਰ** ਮਹਾਂ
ਪੁਰੋਹਿਤ ਨੇ ਆਪਣੇ ਕੱਪੜੇ ਪਾੜਦੇ ਹੋਏ ਕਿਹਾ, “ਹੁਣ ਸਾਨੂੰ ਕਿਸੇ ਗਵਾਹੀ ਦੀ ਕੀ
ਲੋੜ?” 64 **ਤੁਸੀਂ** ਪਰਮੇਸ਼ੁਰ ਦਾ ਨਿਰਾਦਰ ਸੁਣ ਲਿਆ ਹੈ, ਤੁਹਾਡਾ ਕੀ ਫੈਸਲਾ
ਹੈ।ਉਨ੍ਹਾਂ ਸਾਰਿਆਂ ਨੇ ਯਿਸੂ ਨੂੰ ਦੋਸ਼ੀ ਅਤੇ ਮੌਤ ਦੇ ਲਾਇਕ ਕਿਹਾ। 65 **ਕੁਝ**
ਲੋਕ ਯਿਸੂ ਤੇ ਥੁੱਕਣ ਲੱਗੇ, ਕਈਆਂ ਨੇ ਯਿਸੂ ਦਾ ਮੂੰਹ ਢੱਕ ਕੇ ਮਾਰਦੇ ਹੋਏ ਕਿਹਾ,
“ਭਵਿੱਖਬਾਣੀ ਕਰ।” ਪਹਿਰੇਦਾਰਾਂ ਨੇ ਵੀ ਯਿਸੂ ਨੂੰ ਇੱਕ ਪਾਸੇ ਲੈ ਜਾ ਕੇ ਚਪੇੜਾਂ
ਮਾਰੀਆਂ। 66 **ਜਦੋਂ** ਪਤਰਸ ਥੱਲੇ ਵਿਹੜੇ ਵਿੱਚ ਸੀ ਤਾਂ ਮਹਾਂ ਪੁਰੋਹਿਤ ਦੀ ਇੱਕ
ਦਾਸੀ ਉੱਥੇ ਆਈ। 67 **ਪਤਰਸ** ਨੂੰ ਅੱਗ ਸੇਕਦਿਆਂ ਦੇਖ ਕੇ ਉਹ ਬੋਲੀ, “ਤੂੰ
ਵੀ ਤਾਂ ਯਿਸੂ ਨਾਸਰੀ ਦੇ ਨਾਲ ਸੀ।” 68 **ਪਤਰਸ** ਨੇ ਇਨਕਾਰ ਕਰਦੇ ਹੋਏ
ਕਿਹਾ, “ਤੂੰ ਕੀ ਕਹਿਣਾ ਚਹੁੰਦੀ ਹੈਂ, ਮੈਨੂੰ ਸਮਝ ਨਹੀਂ ਆ ਰਹੀ ਹੈ। ਪਤਰਸ
ਜਦੋਂ ਉੱਥੋਂ ਡਿਉੜੀ ਵਿੱਚ ਗਿਆ, ਉਸੇ ਸਮੇਂ ਮੁਰਗੇ ਨੇ ਪਹਿਲੀ ਬਾਂਗ ਦਿੱਤੀ। 69
**ਪਤਰਸ** ਨੂੰ ਦੇਖ ਕੇ ਫਿਰ ਉੱਥੇ ਖੜੇ ਲੋਕਾਂ ਨੂੰ ਉਹ ਕਹਿਣ ਲੱਗੀ, “ਇਹ ਵੀ
ਉਹਨਾਂ ਵਿੱਚੋਂ ਹੀ ਇੱਕ ਹੈ।” 70 **ਪਤਰਸ** ਨੇ ਫਿਰ ਇਨਕਾਰ ਕੀਤਾ, ਥੋੜੀ ਦੇਰ
ਬਾਅਦ ਉੱਥੇ ਖੜੇ ਲੋਕਾਂ ਨੇ ਕਿਹਾ, “ਹੋਵੇ ਨਾ ਹੋਵੇ,ਤੂੰ ਵੀ ਉਨ੍ਹਾਂ ਵਿੱਚੋਂ ਹੀ ਇੱਕ
ਹੈਂ।ਤੂੰ ਗਲੀਲੀ ਹੈਂ।” 71 **ਪਰ** ਪਤਰਸ ਨੇ ਸੌਂਹ ਖਾ ਕੇ ਕਿਹਾ, “ਜਿਸ ਵਿਅਕਤੀ
ਦੇ ਬਾਰੇ ਤੁਸੀਂ ਕਹਿ ਰਹੇ ਹੋ ਮੈਂ ਉਸਨੂੰ ਜਾਣਦਾ ਤੱਕ ਨਹੀਂ। 72 **ਦੂਸਰੀ** ਵਾਰ
ਮੁਰਗੇ ਨੇ ਬਾਂਗ ਦਿੱਤੀ।ਫਿਰ ਪਤਰਸ ਨੂੰ ਉਹ ਗੱਲ ਯਾਦ ਆਈ ਜੋ ਯਿਸੂ ਨੇ ਉਸਨੂੰ
ਕਹੀ ਸੀ, ਇਸਤੋਂ ਪਹਿਲਾਂ ਕਿ ਮੁਰਗਾ ਦੋ ਵਾਰੀ ਬਾਂਗ ਦੇਵੇ, ਤੂੰ ਤਿੰਨ ਵਾਰੀ ਮੇਰਾ
ਇਨਕਾਰ ਚੁੱਕਾ ਹੋਵੇਂਗਾ,ਇਸ ਉੱਤੇ ਉਹ ਫੁੱਟ-ਫੁੱਟ ਕੇ ਰੋਣ ਲੱਗਾ।

---

## ਅਧਿਐਨ

14:1 - “ਪਸਾਹ” ਕੂਚ 12:11; ਲੇਵੀਆਂ 23:50

14:4 - ਚੇਲਿਆਂ ਨੇ ਅਜਿਹਾ ਕਿਹਾ ਸੀ (ਮੱਤੀ 26:8)।ਇਸ ਵਿੱਚ ਯਹੂਦਾ ਸਭ ਤੋਂ ਅੱਗੇ ਸੀ(ਦੇਖੋ ਯਹੂੰਨਾਂ 12:4,5)।ਇਹ ਕੋਈ ਦੂਸਰਾ ਸਮਾਂ ਹੋਵੇਗਾ।ਯਹੂੰਨਾਂ 12:2 ਦੇ ਨੋਟ ਦੇਖੋ।

14:5 - **"ਤਿੰਨ ਸੌ ਚਾਂਦੀ ਦੇ ਸਿੱਕੇ"** ਯੂਨਾਨੀ ਵਿੱਚ **"ਤਿੰਨ ਸੌ ਦਿਨਾਰ।"** ਇਹ ਇੱਕ ਮਜਦੂਰ ਦੀ ਤਿੰਨ ਸੌ ਦਿਨਾਂ ਦੀ ਮਜਦੂਰੀ ਸੀ।
14:11 - ਵਿਸਵਾਸ਼ਘਾਤ ਅਤੇ ਦੁਨੀਆਂ ਦੇ ਸਭ ਤੋਂ ਚੰਗੇ ਅਤੇ ਪਵਿੱਤਰ ਆਦਮੀ ਨੂੰ ਮਾਰਨ ਦਾ ਮੌਕਾ।ਬੁਰੇ ਚਾਲ ਚੱਲਣ ਦੀ ਇਸ ਤੋਂ ਵੱਡੀ ਉਦਹਾਰਨ ਹੋਰ ਕੀ ਹੋ ਸਕਦੀ ਹੈ? ਹਿਚਕਿਚਾਹਟ ਦੇ ਨਾਲ ਬੁਰਾਈ ਕਰਨੀ ਇੱਕ ਹੋਰ ਗੱਲ ਹੈ,ਪਰ ਉਸ ਵਿੱਚ ਖੁਸ਼ ਹੋਣਾ ਦੂਸਰੀ,ਜੋ ਕਿ ਬਹੁਤ ਹੀ ਬੁਰੀ ਹੈ
14:12 - "ਪਸਾਹ ਦਾ ਲੇਲਾ" ਕੂਚ 12:3-11 ਦੇਖੋ ਯਹੂੰਨਾਂ 1:29

14:13-15 - ਘਟਨਾਕ੍ਰਮ ਨੂੰ ਵਿਖਿਆਤਮਕ ਰੂਪ ਨਾਲ ਦੇਖਣਾ, ਜੋ ਪਹਿਲੇ ਨਾ ਹੋਇਆ ਹੋਵੇ, ਉਸਦੇ ਬਾਰੇ ਮਸੀਹ ਦੀ ਯੋਗਤਾ ਦਾ ਇਹ ਇੱਕ ਉਦਹਾਰਨ ਹੈ।
14:24 - ਮੱਤੀ 26:28 ਮਸੀਹ ਦਾ ਖੂਨ ਵਹਾਏ ਜਾਣ ਦਾ ਕਾਰਨ ਦੱਸਦਾ ਹੈ।
14:27 - ਜ਼ਕਰਯਾਹ 13:7
14:36 - **"ਅੱਬਾ"** ਅਰਾਮੀ ਭਾਸ਼ਾ ਦਾ ਸ਼ਬਦ ਹੈ, ਜਿਸਦਾ ਮਤਲਬ ਹੈ "ਪਿਤਾ"।ਇਹ ਪਰਮੇਸ਼ੁਰ ਦੇ ਲਈ ਸੰਭਵ ਸੀ ਕਿ ਉਹ ਯਿਸੂ ਨੂੰ ਦੁੱਖ ਅਤੇ ਮੌਤ ਤੋਂ ਬਚਾਏ, ਪਰ ਇਹ ਪ੍ਰਭੂ ਦੀ ਮਰਜੀ ਨਹੀਂ ਸੀ।ਯਿਸੂ ਨੂੰ ਬਚਾਉਣ ਦਾ ਮਤਲਬ ਹੁੰਦਾ ਮਨੁੱਖ ਲਈ ਮੁਕਤੀ ਦੀ ਯੋਜ਼ਨਾ ਨੂੰ ਰੱਦ ਕਰਕੇ ਇਨਸਾਨ ਨੂੰ ਉਸਦੀ ਦੁਰਦਸ਼ਾ ਤੇ ਛੱਡ ਦੇਣਾ।

14:51-52 - ਸਿਰਫ ਮਰਕੁਸ ਹੀ ਇਸ ਦੇ ਬਾਰੇ ਲਿਖਦਾ ਹੈ।ਇਹ ਸੰਭਵ ਹੈ ਕਿ ਸ਼ਾਇਦ ਉਹ ਨੌਜਵਾਨ ਮਰਕੁਸ ਹੀ ਹੋਵੇ, ਨਹੀਂ ਤਾਂ ਇਹ ਸਮਝਣਾ ਬਹੁਤ ਮੁਸ਼ਕਿਲ ਹੈ ਕਿ ਉਸਨੇ ਇਸ ਘਟਨਾ ਦੇ ਬਾਰੇ ਕਿਉਂ ਲਿਖਿਆ।

14:54 - ਦੱਸਦੀ ਹੈ ਕਿ ਪਤਸਰ ਵਹਿੜੇ ਵਿੱਚ ਕਿਉਂ ਗਿਆ।
14:55 - **"ਸਭਾ"** - ਸੇਨਹੈਦਰਿਨ - ਮੱਤੀ 5:22
14:58- ਇਹ ਯਿਸੂ ਦੇ ਉਨ੍ਹਾਂ ਸ਼ਬਦਾਂ ਨੂੰ ਘੁਮਾਉਣਾ ਹੈ ਜੋ ਯਹੂੰਨਾ 2:19 ਵਿੱਚ ਹਨ।ਯਿਸੂ ਨੇ ਇਹ ਨਹੀਂ ਕਿਹਾ ਸੀ ਕਿ ਉਹ ਇਨਸਾਨ ਦੀ ਬਣਾਈ ਹੋਈ ਹੈਕਲ ਨੂੰ ਢਾਹ ਦੇਣਗੇ।

14:66 – ਵਹਿੜੇ ਦਾ ਪੂਰਾ ਝੁੰਡ ਪਤਰਸ ਤੇ ਸ਼ੱਕ ਕਰ ਰਿਹਾ ਸੀ। ਬਹੁਤਿਆਂ ਨੇ ਉਸ ਨੂੰ ਸਵਾਲ ਕੀਤੇ ਜਾਂ ਉਸਦੇ ਬਾਰੇ ਵਿੱਚ ਦੂਸਰਿਆਂ ਨੂੰ ਦੱਸਿਆ ਨੌਕਰਾਣੀ (ਨੇ ਦੋ ਵਾਰੀ) ਦੂਜੀ ਲੜਕੀ ( ਮੱਤੀ 26:71) ਇੱਕ ਆਦਮੀ ( ਲੂਕਾ 22:58), ਕੁਝ ਉਹ ਲੋਕ ਜੋ ਅੱਗ ਸੇਕ ਰਹੇ ਸਨ। ਵਿਸੇਸ਼ ਕਰਕੇ ਮਹਾਂ ਪੁਰੋਹਿਤ ਦੇ ਨੌਕਰ ਦਾ ਰਿਸ਼ਤੇਦਾਰ (ਯਹੂੰਨਾ 18:25,26)

1 **ਸਵੇਰ** ਦੇ ਪਹਿਲੇ ਸਮੇਂ ਵਿੱਚ ਮਹਾਂ ਪੁਰੋਹਿਤਾਂ ਨੇ ਬਜ਼ੁਰਗਾਂ, ਆਗੂਆਂ ਅਤੇ ਧਰਮ
ਗ੍ਰੰਥੀਆਂ ਨਾਲ ਸਲਾਹ ਮਸ਼ਵਰਾ ਕੀਤਾ।ਫਿਰ ਯਿਸੂ ਨੂੰ ਬੰਨ੍ਹ ਕੇ ਪਿਲਾਤੁਸ ਦੇ ਕੋਲ
ਲੈ ਕੇ ਗਏ। 2 **ਪਿਲਾਤੁਸ** ਨੇ ਯਿਸੂ ਤੋਂ ਪੁੱਛਿਆ, “ਕੀ ਤੂੰ ਯਹੂਦੀਆਂ ਦਾ ਰਾਜਾ
ਹੈਂ? ਯਿਸੂ ਨੇ ਜਵਾਬ ਵਿੱਚ ਕਿਹਾ, “ਤੁਸੀਂ ਆਪ ਹੀ ਕਹਿ ਰਹੇ ਹੋ।” 3 **ਮਹਾਂ**
ਪੁਰੋਹਿਤਾਂ ਨੇ ਕਈ ਗੱਲਾਂ ਵਿੱਚ ਯਿਸੂ ਤੇ ਦੋਸ਼ ਲਗਾਇਆ, ਪਰ ਯਿਸੂ ਨੇ ਕੋਈ
ਜਵਾਬ ਨਹੀਂ ਦਿੱਤਾ। 4 **ਪਿਲਾਤੁਸ** ਨੇ ਪੁੱਛਿਆ, “ਕੀ ਤੂੰ ਆਪਣੀ ਸਫਾਈ ਵਿੱਚ
ਕੁਝ ਨਹੀਂ ਕਹਿਣਾ ਚਹੁੰਦਾ? ਦੇਖ ਤੇਰੇ ਵਿਰੁੱਧ ਕੀ-ਕੀ ਕਿਹਾ ਜਾ ਰਿਹਾ ਹੈ।” 5
**ਇਸਦੇ** ਬਾਵਜੂਦ ਵੀ ਯਿਸੂ ਨੇ ਕੋਈ ਉੱਤਰ ਨਹੀਂ ਦਿੱਤਾ, ਇਸ ਲਈ ਪਿਲਾਤੁਸ
ਬਹੁਤ ਹੈਰਾਨ ਹੋਇਆ। 6 **ਪਸਾਹ** ਦੇ ਤਿਉਹਾਰ ਦੇ ਸਮੇਂ ਪਿਲਾਤੁਸ ਜਨਤਾ ਦੀ
ਬੇਨਤੀ ਦੇ ਅਨੁਸਾਰ ਇੱਕ ਕੈਦੀ ਨੂੰ ਆਜਾਦ ਕਰਦਾ ਹੁੰਦਾ ਸੀ। 7 **ਇੱਕ** ਕੈਦੀ ਦਾ
ਨਾਂ ਬਰਅਬਾ ਸੀ, ਉਹ ਆਪਣੇ ਦੰਗਾ ਕਰਨ ਵਾਲੇ ਸਾਥੀਆਂ ਨਾਲ ਕੈਦ ਸੀ ਉਹ
ਖੂਨੀ ਵੀ ਸੀ। 8 **ਜੋ** ਪਿਲਾਤੁਸ ਲੋਕਾਂ ਦੇ ਲਈ ਕਰਦਾ ਹੁੰਦਾ ਸੀ, ਲੋਕ ਉਸਦੀ
ਮੰਗ ਕਰਨ ਲੱਗੇ। 9 **ਪਿਲਾਤੁਸ** ਨੇ ਉੱਤਰ ਦਿੱਤਾ, “ਕੀ ਤੁਸੀਂ ਚਹੁੰਦੇ ਹੋ ਕੀ ਮੈਂ
ਯਹੂਦੀਆਂ ਦੇ ਰਾਜੇ ਨੂੰ ਤੁਹਾਡੇ ਲਈ ਛੱਡ ਦੇਵਾਂ।” 10 **ਉਸਨੂੰ** ਚੰਗੀ ਤਰ੍ਹਾਂ ਪਤਾ
ਸੀ ਕਿ ਮਹਾਂ ਪੁਰੋਹਿਤਾਂ ਨੇ ਯਿਸੂ ਨੂੰ ਈਰਖਾ ਦੇ ਕਾਰਨ ਉਸਦੇ ਹੱਥ ਸੌਂਪਿਆ ਸੀ।
11 **ਪਰ** ਮਹਾਂ ਪੁਰੋਹਿਤਾਂ ਨੇ ਭੀੜ ਨੂੰ ਭੜਕਾਇਆ ਕਿ ਉਹ ਬਰਅਬਾ ਨੂੰ ਯਿਸੂ ਦੀ
ਥਾਂ ਤੇ ਛੱਡ ਦੇਵੇ, ਅਤੇ ਭੀੜ ਨੇ ਇਵੇਂ ਹੀ ਮੰਗ ਕੀਤੀ। 12 **ਪਿਲਾਤੁਸ** ਨੇ ਫਿਰ
ਕਿਹਾ, “ਜਿਸਨੂੰ ਤੁਸੀਂ ਯਹੂਦੀਆਂ ਦਾ ਰਾਜਾ ਕਹਿੰਦੇ ਹੋ, ਉਸ ਨਾਲ ਮੈਂ ਕੀ ਕਰਾਂ?
13 **ਉਹ** ਚੀਖ ਕੇ ਬੋਲੇ, “ਉਸਨੂੰ ਸਲੀਬ ਦਿਉ।” 14 **ਪਿਲਾਤੁਸ** ਨੇ ਪੁੱਛਿਆ,
“ਕਿਉਂ? ਉਸਨੇ ਕੀ ਬੁਰਾ ਕੀਤਾ ਹੈ?” ਉਹ ਹੋਰ ਜ਼ੋਰ ਨਾਲ ਚਿੱਲਾਉਣ ਲੱਗੇ, “ਹਾਂ
ਉਸਨੂੰ ਸਲੀਬ ਦਿਉ।” 15 **ਇਸ** ਲਈ ਪਿਲਾਤੁਸ ਨੇ ਲੋਕਾਂ ਨੂੰ ਖੁਸ਼ ਕਰਨ ਦੇ
ਲਈ ਬਰਅਬਾ ਨੂੰ ਛੱਡ ਦਿੱਤਾ ਅਤੇ ਯਿਸੂ ਨੂੰ ਕੋਰੜੇ ਮਰਵਾ ਕੇ ਸਲੀਬ ਤੇ ਚੜ੍ਹਾਉਣ
ਦੇ ਲਈ ਦੇ ਦਿੱਤਾ। 16 **ਫਿਰ** ਸਿਪਾਹੀ ਯਿਸੂ ਨੂੰ ਰਾਜਪਾਲ ਦੇ ਮਹਲ ਦੇ ਵਹਿੜੇ

ਵਿੱਚ ਲੈ ਗਏ।ਉਹਨਾਂ ਨੇ ਪੂਰੀ ਰੋਮੀ ਫੌਜੀ ਟੁਕੜੀ ਨੂੰ ਵੀ ਬੁਲਾ ਲਿਆ। 17 **ਉਨ੍ਹਾਂ**
ਲੋਕਾਂ ਨੇ ਯਿਸੂ ਨੂੰ ਬੈਂਗਣੀ ਕੱਪੜੇ ਪਹਿਨਾਏ ਅਤੇ ਕੰਡਿਆ ਦਾ ਤਾਜ ਉਸਦੇ ਸਿਰ ਤੇ
ਰੱਖਿਆ 18 **ਫਿਰ** ਉਹ ਉਸਨੂੰ ਪ੍ਰਣਾਮ ਕਰਨ ਲੱਗੇ, "ਯਹੂਦੀਆਂ ਦੇ ਰਾਜਾ
ਪ੍ਰਣਾਮ। 19 **ਉਨ੍ਹਾਂ** ਲੋਕਾਂ ਨੇ ਯਿਸੂ ਦੇ ਸਿਰ ਤੇ ਡੰਡੇ ਮਾਰੇ, ਥੁੱਕਿਆ ਅਤੇ ਝੁਕ ਕੇ
ਉਸਦੇ ਅੱਗੇ ਸੀਸ ਨਿਵਾਇਆ। 20 **ਮਜ਼ਾਕ** ਕਰਨ ਤੋਂ ਬਾਅਦ ਉਨ੍ਹਾਂ ਨੇ ਬੈਂਗਣੀ
ਚੋਗਾ ਲਾਹ ਦਿੱਤਾ, ਉਹਨਾਂ ਦੇ ਕੱਪੜੇ ਪਵਾ ਦਿੱਤੇ ਅਤੇ ਸਲੀਬ ਤੇ ਚੜਾਉਣ ਦੇ ਲਈ
ਲੈ ਗਏ। 21 **ਉਨ੍ਹਾਂ** ਲੋਕਾਂ ਨੇ ਇੱਕ ਸਮਊਨ ਕੁਰੇਨੀ ਨਾਮਕ ਵਿਅਕਤੀ ਨੂੰ ਜੋ
ਸਿਕੰਦਰ ਅਤੇ ਰੂਫਸ ਦਾ ਪਿਤਾ ਸੀ ਮਜਬੂਰ ਕੀਤਾ ਕਿ ਉਹ ਯਿਸੂ ਸਲੀਬ ਚੁੱਕ ਕੇ
ਨਾਲ ਚੱਲੇ। ਉਹ ਤਾਂ ਉਸ ਰਸਤੇ ਵਿੱਚੋਂ ਕੇਵਲ ਲੰਘ ਹੀ ਰਿਹਾ ਸੀ। 22 **ਉਹ**
ਯਿਸੂ ਨੂੰ ਗੁਲਗੁਥਾ (ਜਿਸਦਾ ਅਰਥ ਹੈ ਖੋਪੜੀ ਦੀ ਥਾਂ) ਤੇ ਲੈ ਗਏ। 23 **ਉਨ੍ਹਾਂ** ਨੇ
ਯਿਸੂ ਨੂੰ ਗੰਧਰਸ ਮਿਲੀ ਦਾਖਰਸ ਪੀਣ ਨੂੰ ਦਿੱਤੀ ਪਰ ਯਿਸੂ ਨੇ ਉਸਨੂੰ ਪੀਣ ਤੋਂ
ਇਨਕਾਰ ਕਰ ਦਿੱਤਾ। 24 **ਯਿਸੂ** ਨੂੰ ਸਲੀਬ ਤੇ ਚੜਾ ਦੇਣ ਤੋਂ ਬਾਅਦ ਉਨ੍ਹਾਂ ਨੇ
ਉਸਦੇ ਕੱਪੜੇ ਗੁਣਾ ਪਾ ਕੇ ਵੰਡ ਲਏ। 25 **ਸਵੇਰ** ਦੇ ਨੌਂ ਵਜੇ ਉਨ੍ਹਾਂ ਨੇ ਯਿਸੂ ਨੂੰ
ਸਲੀਬ ਤੇ ਚੜਾਇਆ। 26 **ਉਨ੍ਹਾਂ** ਨੇ ਯਿਸੂ ਦੇ ਸਿਰ ਦੇ ਉੱਪਰਲੇ ਪਾਸੇ ਤੇ ਇੱਕ
ਦੋਸ਼ ਪੱਤਰ ਲਾਇਆ ਜਿਸ ਤੇ ਲਿਖਿਆ ਸੀ 'ਯਹੂਦੀਆਂ ਦਾ ਰਾਜਾ'।27 **ਯਿਸੂ**
ਦੇ ਦੋਵੇਂ ਪਾਸੇ ਉਨ੍ਹਾਂ ਨੇ ਦੋ ਚੋਰਾਂ ਨੂੰ ਇੱਕ ਨੂੰ ਸੱਜੇ ਅਤੇ ਦੂਜੇ ਨੂੰ ਖੱਬੇ ਪਾਸੇ ਸਲੀਬ
ਤੇ ਚੜਾਇਆ। 28 **ਇਸ** ਤਰ੍ਹਾਂ ਵਿੱਚ ਲਿਖਿਆ ਲੇਖ ਪੂਰਾ ਹੋਇਆ ਕਿ ਉਹ
(ਯਿਸੂ) ਅਪਰਾਧੀਆਂ ਦੇ ਨਾਲ ਗਿਣਿਆ ਗਿਆ। 29 **ਉਸ** ਰਸਤੇ ਵਿੱਚੋਂ ਲੰਘਣ
ਵਾਲੇ ਲੋਕ ਆਪਣੇ ਸਿਰ ਹਿਲਾ-ਹਿਲਾ ਕੇ ਯਿਸੂ ਦਾ ਮਜ਼ਾਕ ਉਡਾ ਕੇ ਇਹ ਕਿਹਾ,
"ਚੰਗਾ ਤੇ ਹੁਣ ਤੂੰ ਹੈਕਲ ਢਾਹ ਕੇ ਤਿੰਨ ਦਿਨਾਂ ਵਿੱਚ ਬਣਾਏਗਾ। 30 **ਸਲੀਬ** ਤੋਂ
ਹੇਠਾਂ ਆ ਜਾ ਤਾਂ ਅਤੇ ਆਪਣੇ ਆਪ ਨੂੰ ਬਚਾ!" 31 **ਇਸੇ** ਪ੍ਰਕਾਰ ਮਹਾਂ
ਪੁਰੋਹਿਤਾਂ ਅਤੇ ਧਰਮ ਗ੍ਰੰਥੀਆਂ ਨੇ ਵੀ ਮਜ਼ਾਕ ਨਾਲ ਇੱਕ ਦੂਸਰੇ ਨੂੰ ਕਿਹਾ,
"ਇਸਨੇ ਹੋਰਾਂ ਨੂੰ ਬਚਾਇਆ ਕੀ ਆਪਣੇ ਆਪ ਨੂੰ ਨਹੀਂ ਬਚਾ ਸਕਦਾ?" 32
**ਹੁਣ** ਇਸਰਾਈਲ ਦਾ ਰਾਜਾ ਅਤੇ ਮਸੀਹ ਸਲੀਬ ਤੋਂ ਥੱਲੇ ਆ ਜਾਏ ਤਾਂ ਅਸੀਂ
ਦੇਖੀਏ ਅਤੇ ਵਿਸਵਾਸ਼ ਕਰੀਏ।" ਜਿਹੜੇ ਯਿਸੂ ਨਾਲ ਲਟਕਾਏ ਗਏ ਸਨ ਉਨ੍ਹਾਂ ਨੇ
ਵੀ ਉਸਦੀ ਬੇਇੱਜਤੀ ਕੀਤੀ। 33 **ਦੁਪਹਿਰ** ਬਾਰ੍ਹਾਂ ਵਜੇ ਆਸਮਾਨ ਵਿੱਚ ਹਨੇਰਾ
ਛਾ ਗਿਆ ਜੋ ਕਿ ਦੁਪਹਿਰ ਦੇ ਤਿੰਨ ਵਜੇ ਤੱਕ ਰਿਹਾ। 34 **ਤਿੰਨ** ਵਜੇ ਦੇ ਕਰੀਬ
ਯਿਸੂ ਨੇ ਉੱਚੀ ਆਵਾਜ ਵਿੱਚ ਪੁਕਾਰ ਕੇ ਕਿਹਾ, "ਈਲੋਈ, ਈਲੋਈ ਲਾਮਾ
ਸਬਕਤਾਨੀ" ਜਿਸਦਾ ਮਤਲਬ ਹੈ,ਹੇ ਮੇਰੇ ਪਰਮੇਸ਼ੁਰ, ਹੇ ਮੇਰੇ ਪਰਮੇਸ਼ੁਰ ਤੁਸੀਂ ਮੈਨੂੰ
ਕਿਉਂ ਛੱਡ ਦਿੱਤਾ? 35 **ਕੋਲ** ਖੜੇ ਕੁਝ ਲੋਕਾਂ ਨੇ ਇਹ ਸੁਣ ਕੇ ਕਿਹਾ, "ਦੇਖੋ ਉਹ
ਏਲੀਯਾਹ ਨੂੰ ਬੁਲਾ ਰਿਹਾ ਹੈ।" 36 **ਉਨ੍ਹਾਂ** ਵਿੱਚੋਂ ਇੱਕ ਨੇ ਦਾਖਰਸ ਅਤੇ ਸਿਰਕੇ

ਵਿੱਚ ਡੁੱਬੇ ਸਪੰਜ ਨੂੰ ਇੱਕ ਲੱਕੜੀ ਦੇ ਸਿਰੇ ਤੇ ਰੱਖ ਕੇ ਉਸਨੂੰ ਚੂਸਣ ਲਈ ਦੇਣ ਲਈ ਦੋੜਿਆ ਅਤੇ ਬੋਲਿਆ, "ਉਸ ਨੂੰ ਇਕੱਲਾ ਛੱਡ ਦਿਉ, ਹੁਣ ਦੇਖਦੇ ਹਾਂ ਕਿ ਏਲੀਯਾਹ ਆਣ ਕੇ ਉਸ ਨੂੰ ਹੇਠਾਂ ਉਤਾਰਦਾ ਹੈ ਜਾਂ ਨਹੀਂ।"
37 **ਫਿਰ** ਯਿਸੂ ਨੇ ਉੱਚੀ ਨਾਲ ਪੁਕਾਰ ਕੇ ਆਪਣੀ ਜਾਨ ਦੇ ਦਿੱਤੀ।
38 **ਹੈਕਲ** (ਪ੍ਰਾਥਨਾਂ ਭਵਨ) ਦਾ ਪਰਦਾ ਉੱਪਰ ਤੋਂ ਲੈ ਕੇ ਹੇਠਾਂ ਤੱਕ ਪਾਟ ਗਿਆ।
39 **ਜਦੋਂ** ਉੱਥੇ ਖੜੇ ਸੂਬੇਦਾਰ ਨੇ ਯਿਸੂ ਨੂੰ ਇਸ ਤਰ੍ਹਾਂ ਪੁਕਾਰ ਕੇ ਜਾਨ ਦਿੰਦੇ ਹੋਏ ਸੁਣਿਆ ਤਾਂ ਬੋਲਿਆ, "ਇਹ ਇਨਸਾਨ ਸਚਮੁੱਚ ਪਰਮੇਸ਼ੁਰ ਦਾ ਪੁੱਤਰ ਸੀ।"
40 **ਕੁਝ** ਦੂਰੀ ਤੇ ਖੜੀਆਂ ਔਰਤਾਂ ਇਹ ਸਭ ਦੇਖ ਰਹੀਆਂ ਸਨ, ਉਨ੍ਹਾਂ ਵਿੱਚ ਮਰੀਅਮ ਮਗਦਲੀਨੀ, ਜੋਏਸ ਅਤੇ ਛੋਟੇ ਯਾਕੂਬ ਦੀ ਮਾਂ ਮਰੀਅਮ ਅਤੇ ਸਲੋਮੀ ਵੀ ਸਨ।
41 **ਜਦੋਂ** ਯਿਸੂ ਗਲੀਲ ਵਿੱਚ ਸਨ ਉਸੇ ਸਮੇਂ ਤੋਂ ਉਹ ਉਸਦੇ ਨਾਲ ਰਹਿ ਕੇ ਉਸਦੀ ਸੇਵਾ ਕਰਦੀਆਂ ਸਨ, ਇਸ ਤੋਂ ਇਲਾਵਾ ਉੱਥੇ ਯਰੂਸ਼ਲਮ ਤੋਂ ਆਈਆਂ ਹੋਰ ਔਰਤਾਂ ਵੀ ਸਨ।
42 **ਇਹ** ਤਿਆਰੀ ਦਾ ਦਿਨ ਅਰਥਾਤ ਸਬਤ ਤੋਂ ਪਹਿਲਾਂ ਦਾ ਦਿਨ ਸੀ ਅਤੇ ਸ਼ਾਮ ਹੋ ਚੁੱਕੀ ਸੀ।
43 **ਇਸ** ਲਈ ਅਰਿਮਤਿਆ ਦਾ ਰਹਿਣ ਵਾਲਾ ਯੂਸਫ ਜੋ ਸਭਾ ਦਾ ਆਦਰਯੋਗ ਮੈਂਬਰ ਸੀ, ਉਹ ਪਰਮੇਸ਼ੁਰ ਦੇ ਰਾਜ ਦੀ ਉਡੀਕ ਕਰ ਰਿਹਾ ਸੀ ਉਸਨੇ ਬਹੁਤ ਹਿੰਮਤ ਦੇ ਨਾਲ ਪਿਲਾਤੁਸ ਦੇ ਕੋਲ ਜਾ ਕੇ ਯਿਸੂ ਦਾ ਸਰੀਰ ਮੰਗਿਆ।
44 **ਇਹ** ਸੁਣ ਕੇ ਪਿਲਾਤੁਸ ਨੂੰ ਬਹੁਤ ਹੈਰਾਨੀ ਹੋਈ ਕਿ ਯਿਸੂ ਮਰ ਚੁੱਕੇ ਹਨ।ਉਸਨੇ ਸੂਬੇਦਾਰ ਨੂੰ ਬੁਲਾ ਕੇ ਪੁੱਛਿਆ, "ਕੀ ਯਿਸੂ ਨੇ ਪ੍ਰਾਣ ਕਦੋਂ ਤਿਆਗੇ?"
45 **ਸੂਬੇਦਾਰ** ਤੋਂ ਪੂਰੀ ਜਾਣਕਾਰੀ ਹਾਸਿਲ ਕਰਨ ਤੋਂ ਬਾਅਦ ਪਿਲਾਤੁਸ ਨੇ ਯਿਸੂ ਦਾ ਸਰੀਰ ਉਸ ਨੂੰ ਸੌਂਪ ਦਿੱਤਾ।
46 **ਉਸਨੇ** ਯਿਸੂ ਦੀ ਲਾਸ਼ ਉਤਾਰ ਕੇ ਆਪਣੇ ਨਾਲ ਲਿਆਂਦੀ ਹੋਈ ਵਧੀਆ ਮਲਮਲ ਦੀ ਚਾਦਰ ਵਿੱਚ ਲਪੇਟਿਆ ਇੱਕ ਚਟਾਨ ਨੂੰ ਕੱਟ ਕੇ ਬਣਾਈ ਹੋਈ ਕਬਰ ਵਿੱਚ ਰੱਖਿਆ, ਉਸਨੇ ਕਬਰ ਦੇ ਮੂੰਹ ਉੱਤੇ ਵਿੱਚ ਬਹੁਤ ਵੱਡਾ ਪੱਥਰ ਰੱਖ ਦਿੱਤਾ।
47 **ਮਰੀਅਮ** ਮਗਦਲੀਨੀ ਅਤੇ ਜੋਏਸ ਦੀ ਮਾਂ ਮਰੀਅਮ ਇਹ ਸਭ ਦੇਖ ਰਹੀਆਂ ਸਨ ਕਿ ਯਿਸੂ ਦੀ ਲਾਸ਼ ਨੂੰ ਕਿੱਥੇ ਰੱਖਿਆ ਗਿਆ ।

---

ਅਧਿਐਨ

15:1 - ਮੱਤੀ 27:1,2 ਯਹੂਦਾ ਦੀ ਆਤਮਹੱਤਿਆ ਦੇ ਬਾਰੇ ਦੱਸਦਾ ਹੈ, ਪਰ ਮਰਕੁਸ ਉਸਨੂੰ ਛੱਡ ਦਿੰਦਾ ਹੈ।

15:2-47 - ਮੱਤੀ 27:11-61

15:14 – ਮੱਤੀ 27:25 ਵਿੱਚ ਉਨ੍ਹਾਂ ਭਿਆਨਕ ਸ਼ਬਦਾਂ ਨੂੰ ਦੇਖੋ ਜੋ ਯਹੂਦੀਆਂ ਨੇ ਕਹੇ।
15:21 – ਸਿਕੰਦਰ ਅਤੇ ਰੂਫਸ ਦੋ ਅਜਿਹੇ ਵਿਅਕਤੀ ਹਨ ਜਿਨ੍ਹਾਂ ਨੂੰ ਸ਼ਾਇਦ ਉਸ ਸਮੇਂ ਦੇ ਲੋਕ ਜਾਣਦੇ ਸਨ।

15:25 – ਤੀਜਾ ਪਹਿਰ ਮਤਲਬ ਨੌ ਵਜੇ – ਯੁਨਾਨੀ ਵਿੱਚ ਸੂਰਜ ਨਿੱਕਲਣ ਤੋਂ ਬਾਅਦ ਤੀਸਰਾ ਘੰਟਾ।
15:27 – ਪਵਿੱਤਰ ਅਤੇ ਨਿਰਦੋਸ਼ ਪਰਮੇਸ਼ੁਰ ਦੇ ਪੁੱਤਰ ਨੂੰ ਦੋਸ਼ੀ ਸਮਝਿਆ ਗਿਆ।

15:37 – "ਜਾਨ" ਮੱਤੀ ਦੁਆਰਾ ਇਸਤਿਮਾਲ ਕੀਤਾ ਗਿਆ ਸ਼ਬਦ-ਆਪਣੀ ਆਤਮਾ ਦੇ ਦਿੱਤੀ ਯੂਨਾਨੀ ਭਾਸ਼ਾ ਵਿੱਚ ਭਿੰਨ ਹੈ।
15:42 – ਸੂਰਜ ਡੁੱਬਣ ਤੇ ਯਹੂਦੀ ਸਬਤ ਸ਼ੁਰੂ ਹੁੰਦਾ ਸੀ ਅਤੇ ਦੂਸਰੇ ਦਿਨ ਦੀ ਸ਼ਾਮ ਤੱਕ ਚੱਲਦਾ ਸੀ।ਇਸ ਸਮੇਂ ਦੋਰਾਨ ਕੋਈ ਕੰਮ ਨਹੀ ਕੀਤਾ ਜਾਂਦਾ ਸੀ।(ਦੇਖੋ ਕੂਚ 20:8-11)

ਇਸ ਲਈ ਯੂਸਫ ਯਿਸੂ ਦੇ ਸਰੀਰ (ਲਾਸ਼) ਨੂੰ ਸੂਰਜ ਡੁੱਬਣ ਤੋਂ ਪਹਿਲਾਂ ਉਤਾਰਨਾ ਚਹੁੰਦਾ ਸੀ।ਇੱਥੇ ਜਿਸ ਸਬਤ ਦੇ ਬਾਰੇ ਕਿਹਾ ਗਿਆ ਹੈ ਉਹ ਸ਼ਾਇਦ ਖਾਸ ਸੀ ਜਿਸ ਵਿੱਚ ਅਖਮੀਰੀ ਰੋਟੀ ਦਾ ਤਿਉਹਾਰ ਸ਼ੁਰੂ ਹੁੰਦਾ ਸੀ। ਉਹ ਇੱਕ ਸਾਧਾਰਨ ਸਬਤ ਨਹੀ ਸੀ ਜੋ ਹਰ ਸ਼ਨਿਵਾਰ ਨੂੰ ਆਉਂਦਾ ਹੈ। ਕੁਝ ਵਿਦਵਾਨ ਕਹਿਣਾ ਹੈ ਵੀਰਵਾਰ ਨੂੰ ਅਤੇ ਕੁਝ ਸ਼ੁੱਕਰਵਾਰ ਕਹਿੰਦੇ ਹਨ। ਦਿਨ ਦੇ ਬਾਰੇ ਵਿੱਚ ਬਹਿਸ ਕਰਨ ਦਾ ਕੋਈ ਲਾਭ ਨਹੀ ਹੈ।
15:43 – ਸਭਾ ਦਾ ਮਤਲਬ ਹੈ "ਸੈਨਹੈਦ੍ਰਿਨ" ਮੱਤੀ 5:22 ਦੇ ਨੋਟਸ ਦੇਖੋ। ਯੂਸਫ ਉਨ੍ਹਾਂ ਲੋਕਾਂ ਦੀ ਵੱਲੋਂ ਨਹੀਂ ਸੀ ਜਿੰਨ੍ਹਾਂ ਨੇ ਯਿਸੂ ਨੂੰ ਸਲੀਬ ਤੇ ਚੜਾਇਆ ਸੀ। (ਲੂਕਾ 23:51)

**"ਪਰਮੇਸ਼ੁਰ ਦਾ ਰਾਜ"** ਮੱਤੀ 4:17
15:45 – ਸਲੀਬ ਤੇ ਚੜਾਏ ਜਾਣ ਦੇ 6 ਘੰਟੇ ਬਾਅਦ ਯਿਸੂ ਮਰ ਗਏ ਸੀ। ਅਕਸਰ ਸਲੀਬ ਤੇ ਚੜਾਏ ਗਏ ਲੋਕ 2-3 ਦਿਨ ਤੱਕ ਜਿੰਦਾ ਰਹਿੰਦੇ ਹੁੰਦੇ ਸਨ। ਇਸ ਲਈ ਯਿਸੂ ਦੀ ਲਾਸ਼ ਨੂੰ ਸੌਂਪਣ ਤੋਂ ਪਹਿਲਾਂ ਉਨ੍ਹਾਂ ਨੇ ਪੱਕਿਆਂ ਕੀਤਾ ਕਿ ਯਿਸੂ ਮਰ ਚੁੱਕੇ ਹਨ।ਯਹੂਦੀ ਆਗੂਆਂ ਨੂੰ ਵੀ ਪਤਾ ਲੱਗ ਗਿਆ ਸੀ ਕਿ ਯਿਸੂ ਮਰ ਚੁੱਕੇ ਸਨ, ਦੇਖੋ ਮੱਤੀ 27:62-66।

## ਅਧਿਆਏ- 16

1 **ਸ਼ਬਤ** ਦੇ ਖਤਮ ਹੁੰਦਿਆਂ ਹੀ ਮਰੀਅਮ ਮਗਦਲੀਨੀ, ਯਾਕੂਬ ਦੀ ਮਾਤਾ
ਮਰੀਅਮ ਅਤੇ ਸਲੋਮੀ ਨੇ ਖੁਸ਼ਬੂਦਾਰ ਪਦਾਰਥਾਂ ਨੂੰ ਖਰੀਦਿਆ ਤਾਂ ਕਿ ਉਹ ਉਨ੍ਹਾਂ
ਨੂੰ ਯਿਸੂ ਦੀ ਲਾਸ਼ ਨੇ ਮਲਣ। 2 **ਸੂਰਜ** ਨਿੱਕਲਣ ਤੇ ਸੀ ਕਿ ਸਵਖਤੇ, ਹਫਤੇ ਦੇ
ਪਹਿਲੇ ਦਿਨ ਉਹ ਕਬਰ ਤੇ ਪਹੁੰਚੀਆਂ। 3 **ਉਹ** ਆਪਸ ਵਿੱਚ ਇੱਕ ਦੂਸਰੀ ਨੂੰ
ਕਹਿਣ ਲੱਗੀਆਂ, "ਸਾਡੇ ਲਈ ਕਬਰ ਦੇ ਮੂੰਹ ਤੋਂ ਪੱਥਰ ਕੋਣ ਹਟਾਏਗਾ?" 4
**ਉੱਥੇ** ਪਹੁੰਚਣ ਤੇ ਉਨ੍ਹਾਂ ਨੇ ਦੇਖਿਆ ਕਿ ਪੱਥਰ ਜੋ ਬਹੁਤ ਵੱਡਾ ਸੀ ਪਹਿਲਾਂ ਤੋਂ ਹੀ
ਕਬਰ ਤੋਂ ਹਟਿਆ ਹੋਇਆ ਸੀ। 5 **ਅੰਦਰ** ਜਾਣ ਤੇ ਉਨ੍ਹਾਂ ਨੇ ਇੱਕ ਜਵਾਨ ਨੂੰ
ਲੰਬਾ ਸਫੇਦ ਕੱਪੜੇ ਪਾਈ ਸੱਜੇ ਪਾਸੇ ਬੈਠੇ ਦੇਖਿਆ ਅਤੇ ਉਹ ਬਹੁਤ ਡਰ
ਗਈਆਂ। 6 **ਉਸ** ਵਿਅਕਤੀ ਨੇ ਕਿਹਾ, "ਨਾ ਡਰੋ, ਤੁਸੀਂ ਯਿਸੂ ਨਾਸਰੀ ਦੀ
ਤਲਾਸ਼ ਵਿੱਚ ਹੋ, ਜਿਸਨੂੰ ਸਲੀਬ ਤੇ ਚੜਾਇਆ ਗਿਆ ਸੀ ਉਹ ਇੱਥੇ ਨਹੀਂ ਹੈ
ਕਿਉਂਕਿ ਉਹ ਜੀ ਉੱਠਿਆ ਹੈ।ਇਹ ਜਗ੍ਹਾ ਦੇਖੋ ਜਿੱਥੇ ਉਸਨੂੰ ਰੱਖਿਆ ਗਿਆ ਸੀ।
7 **ਤੁਰੰਤ** ਜਾ ਕੇ ਪਤਰਸ ਅਤੇ ਉਸਦੇ ਦੂਸਰੇ ਚੇਲਿਆਂ ਨੂੰ ਦੱਸੋ ਕਿ ਉਨ੍ਹਾਂ ਤੋਂ
ਪਹਿਲਾਂ ਗਲੀਲ ਪਹੁੰਚਣਗੇ।ਜਿਵੇਂ ਉਸਨੇ ਤੁਹਾਨੂੰ ਦੱਸਿਆ ਸੀ ਤੁਸੀਂ ਉਸਨੂੰ ਉੱਥੇ
ਦੇਖੋਗੇ। 8 **ਜਲਦੀ** ਕਬਰ ਤੋਂ ਨਿੱਕਲ ਕੇ ਉਹ ਦੋੜਣ ਲੱਗੀਆਂ, ਕਿਉਂਕਿ ਉਹ ਡਰ
ਅਤੇ ਹੈਰਾਨੀ ਨਾਲ ਭਰੀਆਂ ਹੋਈਆਂ ਸਨ ਉਨ੍ਹਾਂ ਨੇ ਇਸ ਡਰ ਦੇ ਕਾਰਨ ਕਿਸੇ ਨੂੰ
ਕੁਝ ਨਾ ਦੱਸਿਆ। 9 **ਹਫਤੇ** ਦੇ ਪਹਿਲੇ ਦਿਨ ਅਮ੍ਰਿਤ ਵੇਲੇ ਜੀ ਉੱਠਣ ਦੇ ਬਾਅਦ
ਯਿਸੂ ਸਭ ਤੋਂ ਪਹਿਲਾਂ ਮਰੀਅਮ ਮਗਦਲੀਨੀ ਨੂੰ ਮਿਲੇ ਜਿਸ ਵਿੱਚੋਂ ਯਿਸੂ ਨੇ ਸੱਤ
ਭੂਤਾਂ ਨੂੰ ਕੱਢਿਆ ਸੀ। 10 **ਜੋ** ਲੋਕ ਯਿਸੂ ਨੇ ਨਾਲ ਰਹੇ ਸਨ ਅਤੇ ਹੁਣ ਰੋ ਰਹੇ
ਸਨ ਉਸਨੇ ਜਾ ਕੇ ਉਨ੍ਹਾਂ ਨੂੰ ਇਸਦੇ ਬਾਰੇ ਦੱਸਿਆ। 11 **ਜਦੋਂ** ਉਨ੍ਹਾਂ ਨੇ ਉਸ ਤੋਂ
ਇਹ ਸੁਣਿਆ ਕਿ ਯਿਸੂ ਜਿੰਦਾ ਹਨ ਅਤੇ ਉਸਨੇ ਯਿਸੂ ਨੂੰ ਦੇਖਿਆ ਹੈ ਤਾਂ ਉਨ੍ਹਾਂ ਨੇ
ਵਿਸ਼ਵਾਸ ਨਾ ਕੀਤਾ। 12 **ਇਸਦੇ** ਬਾਅਦ ਯਿਸੂ ਦੂਸਰੇ ਰੂਪ ਵਿੱਚ ਉਨ੍ਹਾਂ ਦੋਨਾਂ ਨੂੰ
ਦਿਖੇ ਜੋ ਨਗਰ ਤੋਂ ਬਾਹਰ ਜਾ ਰਹੇ ਸਨ। 13 **ਉਨ੍ਹਾਂ** ਦੋਹਾਂ ਨੇ ਵੀ ਜਾ ਕੇ ਬਾਕੀਆਂ
ਨੂੰ ਦੱਸਿਆ ਪਰ ਇਹ ਉਨ੍ਹਾਂ ਨੇ ਚੇਲਿਆਂ ਦਾ ਵੀ ਵਿਸ਼ਵਾਸ ਨਾ ਕੀਤਾ। 14

**ਇਸਦੇ** ਬਾਅਦ ਯਾਰ੍ਹਾਂ ਚੇਲੇ ਜਦੋਂ ਖਾਣਾ ਖਾਣ ਦੇ ਲਈ ਬੈਠੇ ਹੋਏ ਸਨ ਯਿਸੂ ਅਚਾਨਕ ਮੋਜੂਦ ਹੋ ਗਏ ਉਨ੍ਹਾਂ ਨੂੰ ਮਨ ਦੀ ਸਖਤੀ ਅਤੇ ਅਵਿਸ਼ਵਾਸ ਦੇ ਲਈ ਝਿੜਕਿਆ।ਇਸ ਲਈ ਕਿ ਉਨ੍ਹਾਂ ਨੇ ਯਿਸੂ ਨੂੰ ਜੀ ਉੱਠਣ ਤੋਂ ਬਾਅਦ ਦੇਖਣ ਵਾਲਿਆਂ ਦੀ ਗੱਲ ਉੱਤੇ ਵਿਸ਼ਵਾਸ ਨਹੀਂ ਕੀਤਾ ਸੀ। 15 **ਫਿਰ** ਯਿਸੂ ਨੇ ਉਨ੍ਹਾਂ ਨੂੰ ਕਿਹਾ, "ਜਾਓ ਅਤੇ ਸਾਰੀ ਦੁਨੀਆਂ ਦੇ ਲੋਕਾਂ ਨੂੰ ਇਹ ਖੁਸ਼ਖਬਰੀ ਸੁਣਾਓ। 16 **ਜੋ** ਵਿਸ਼ਵਾਸ ਕਰੇਗਾ ਅਤੇ ਬਪਤਿਸਮਾ ਲਵੇਗਾ ਉਹ ਬਚਾਇਆ ਜਾਵੇਗਾ। ਪਰ ਜੋ ਵਿਸ਼ਵਾਸ ਨਾ ਕਰੇਗਾ ਉਹ ਸਜਾ ਤੋਂ ਮੁਕਤ ਨਹੀ ਹੋ ਸਕੇਗਾ। 17 **ਜੋ** ਲੋਕ ਵਿਸ਼ਵਾਸ ਕਰਨਗੇ, ਉਨ੍ਹਾਂ ਦੇ ਇਹ ਚਿੰਨ੍ਹ ਹੋਣਗੇ,ਉਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ, ਉਹ ਪਰਾਈ ਭਾਸ਼ਾ ਬੋਲਣਗੇ 18 **ਜੇਕਰ** ਉਹ ਆਪਣੇ ਹੱਥਾਂ ਨਾਲ ਸੱਪ ਚੁੱਕ ਲੈਣ ਜਾਂ ਕੋਈ ਜਹਿਰੀਲੀ ਚੀਜ ਪੀ ਲੈਣ ਤਾਂ ਉਨ੍ਹਾਂ ਦਾ ਕੋਈ ਨੁਕਸਾਨ ਨਹੀਂ ਹੋਵੇਗਾ, ਉਹ ਬਿਮਾਰਾਂ ਤੇ ਹੱਥ ਰੱਖਣਗੇ ਅਤੇ ਬੀਮਾਰ ਚੰਗੇ ਹੋ ਜਾਣਗੇ। 19 **ਉਨ੍ਹਾਂ** ਲੋਕਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਯਿਸੂ ਉੱਪਰ ਉਠਾ ਲਏ ਗਏ ਅਤੇ ਪਰਮੇਸ਼ੁਰ ਦੇ ਸੱਜੇ ਹੱਥ ਜਾ ਬੈਠੇ। 20 **ਚੇਲੇ** ਉਸ ਸਥਾਨ ਤੋਂ ਜਾ ਕੇ ਹਰ ਜਗ੍ਹਾ ਪ੍ਰਚਾਰ ਕਰਨ ਲੱਗੇ ਅਤੇ ਯਿਸੂ ਉਨ੍ਹਾਂ ਲੋਕਾਂ ਦੇ ਵਿੱਚ ਚਿੰਨ੍ਹਾਂ ਨੂੰ ਦਿਖਾ ਕੇ ਆਪਣੀ ਸੱਚਾਈ ਦਾ ਸਬੂਤ ਦਿੰਦੇ ਰਹੇ।

---

ਅਧਿਐਨ

16:1-8 - ਮੱਤੀ 28:1-8
16:1 - ਕਿਸੇ ਵੀ ਲਾਸ਼ ਨੂੰ ਦਫਨਾਉਣ ਤੋਂ ਪਹਿਲਾਂ ਇਹ ਇੱਕ ਪ੍ਰਥਾ ਸੀ।ਇਹ ਸਪੱਸ਼ਟ ਹੈ ਕਿ ਇਨ੍ਹਾਂ ਨੂੰ ਵਿਸ਼ਵਾਸ ਨਹੀਂ ਸੀ ਕਿ ਯਿਸੂ ਜੀ ਉੱਠਣਗੇ।
16:5 - ਇਹ ਇੱਕ ਸਵਰਗਦੂਤ ਸੀ ਜੋ ਇਨਸਾਨ ਦੇ ਰੂਪ ਵਿੱਚ ਆਇਆ ਸੀ (ਮੱਤੀ 28:2)। ਉਤਪਤ 16:7 ਵਿੱਚ ਸਵਰਗਦੂਤ ਬਾਰੇ ਦੇਖੋ।
16:7 - ਪਤਰਸ ਜਿਸਨੇ ਯਿਸੂ ਦਾ ਇਨਕਾਰ ਕੀਤਾ ਸੀ ਉਸਦੇ ਲਈ ਯਿਸੂ ਦੇ ਕੋਲ ਇੱਕ ਖਾਸ ਸੰਦੇਸ਼ ਸੀ।ਯਿਸੂ ਨਹੀਂ ਚਹੁੰਦੇ ਸਨ ਕਿ ਪਤਰਸ ਨਿਰਾਸ਼ ਹੋਵੇ ਅਤੇ ਆਪਣੇ ਆਪ ਨੂੰ ਫਿਟਕਾਰੇ। ਜੋ ਲੋਕ ਬਹੁਤ ਵੱਡੀ ਗਲਤੀ ਕਰ ਲੈਂਦੇ ਨੇ ਕਈ ਵਾਰ ਪ੍ਰਭੂ ਉਨ੍ਹਾਂ ਨੂੰ ਬਹੁਤ ਪਿਆਰ ਦਿਖਾਉਂਦੇ ਹਨ।
16:8 - ਇਸਦਾ ਮਤਲਬ ਕਿ ਉਨ੍ਹਾਂ ਨੇ ਉਦੋਂ ਤੱਕ ਕਿਸੇ ਨਾਲ ਗੱਲ ਨਹੀਂ ਕੀਤੀ ਜਦੋਂ ਤੱਕ ਉਹ ਚੇਲਿਆਂ ਦੇ ਕੋਲ ਆ ਨਹੀਂ ਗਏ। (ਮੱਤੀ 28:8; ਲੂਕਾ 24:9,19)

16:9-20 - ਕੁਝ ਵਿਦਵਾਨਾਂ ਦਾ ਕਹਿਣਾ ਹੈ ਕਿ ਇਹ ਆਇਤਾਂ ਆਰੰਭ ਵਿੱਚ ਲਿਖੀ ਮਰਕੁਸ ਦੀ ਕਿਤਾਬ ਦਾ ਹਿੱਸਾ ਨਹੀਂ ਹਨ, ਕਿਸੇ ਨੇ ਬਾਅਦ ਵਿੱਚ ਇਸ ਨੂੰ ਜੋੜ ਦਿੱਤਾ।ਇਹ ਸੱਚ ਵੀ ਹੈ ਕਿ ਕੁਝ ਸ਼ੁਰੂਆਤੀ ਲਿਪੀਆਂ ਵਿੱਚ ਇਹ ਆਇਤਾਂ ਨਹੀਂ ਹਨ ਅਤੇ ਦੂਸਰਿਆਂ ਵਿੱਚ ਹਨ। ਪਰ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਸ਼ੁਰੂਆਤੀ ਕਿਤਾਬ ਵਿੱਚ ਇਹ ਆਇਤਾਂ ਨਹੀਂ ਹਨ।ਸਾਡਾ ਵਿਸ਼ਵਾਸ ਹੈ ਕਿ ਭਾਵੇਂ ਇਨ੍ਹਾਂ ਆਇਤਾਂ ਨੂੰ ਮਰਕੁਸ ਨੇ ਲਿਖਿਆ ਸੀ ਜਾਂ ਕਿਸੇ ਹੋਰ ਨੇ, ਇਹ ਪਵਿੱਤਰ ਆਤਮਾ ਦੀ ਪ੍ਰੇਰਨਾਂ ਦੇ ਦੁਆਰਾ ਲਿਖਿਆ ਗਿਆ ਹੈ। ਇਸ ਲਈ ਇਨ੍ਹਾਂ ਨੂੰ ਪਰਮੇਸ਼ੁਰ ਦੇ ਕਹੇ ਸ਼ਬਦ ਹੀ ਸਮਝਿਆ ਜਾਣਾ ਚਾਹੀਦਾ ਹੈ।

16:6 - (ਯਹੂੰਨਾ 20:11-18; ਲੂਕਾ 8:2)

16:11 - ਇਸ ਗਵਾਹੀ ਦੇ ਬਿਨਾਂ ਵੀ ਉਨ੍ਹਾਂ ਨੂੰ ਮਸੀਹ ਦੇ ਜੀ ਉੱਠਣ ਦਾ ਵਿਸ਼ਵਾਸ ਕਰਨਾ ਚਾਹੀਦਾ ਸੀ। ਯਿਸੂ ਨੇ ਖੁਦ ਕਿਹਾ ਸੀ ਕਿ ਮੈਂ ਜੀ ਉੱਠਾਂਗਾ।(9:31; ਮੱਤੀ 16:21; 17:22,23)। ਪਰ ਗਵਾਹੀਆਂ ਦੇ ਬਾਵਜੂਦ ਉਹ ਆਪਣੇ ਅਵਿਸ਼ਵਾਸ ਵਿੱਚ ਬਣੇ ਰਹੇ।(ਆਇਤ 12,13; ਲੂਕਾ 24:13,32) ਇਹ ਇਸ ਗੱਲ ਦਾ ਸਬੂਤ ਹੈ ਕਿ ਉਹ ਅੰਧਵਿਸ਼ਵਾਸੀ ਜਾਂ ਜਲਦੀ ਨਾਲ ਕਿਸੇ ਦੀਆਂ ਗੱਲਾਂ ਵਿੱਚ ਆ ਜਾਣ ਵਾਲੇ ਲੋਕ ਨਹੀਂ ਸਨ ਜੋ ਬਿਨਾਂ ਕਿਸੇ ਸਬੂਤ ਦੇ ਵਿਸ਼ਵਾਸ ਕਰ ਲੈਂਦੇ।

16:14 - ਇਹ ਯਾਰ੍ਹਾਂ ਖਾਸ ਚੇਲੇ ਸਨ ਯਹੂਦਾ ਨੂੰ ਛੱਡ ਕੇ (ਮੱਤੀ 27:5)। ਧਿਆਨ ਦਵੋ ਕਿ ਚੇਲੇ ਵੀ ਇਨਸਾਨ ਸਨ, ਸਾਡੀ ਤਰ੍ਹਾਂ। ਸਾਡੀ ਤਰ੍ਹਾਂ ਸ਼ੰਕਾ ਕਰਨ ਵਾਲੇ ਸਨ ਅਤੇ ਉਨ੍ਹਾਂ ਨੂੰ ਵੀ ਡਾਂਟ ਦੀ ਲੋੜ ਸੀ।

16:15 - 1 ਕੁਰਿੰ 15:1-8 ਵਿੱਚ ਇਸ ਖੁਸ਼ੀ ਦੀ ਖਬਰ ਦੇ ਬਾਰੇ ਦੱਸਿਆ ਗਿਆ ਹੈ।ਮਸੀਹ ਆਪਣੇ ਚੇਲਿਆਂ ਨੂੰ ਅੱਜ ਵੀ ਆਗਿਆ ਦਿੰਦੇ ਹਨ ਕਿ ਉਹ ਮੁਕਤੀ ਦੇ ਬਾਰੇ ਸਾਰਿਆਂ ਨੂੰ ਦੱਸਣ (ਮੱਤੀ 28:19-20; ਲੂਕਾ 24:47,48; ਯਹੂੰਨਾ 20:21; ਰਸੂਲਾਂ 1:8)

ਇਸ ਲਈ ਕਿ ਯਿਸੂ ਸਭ ਦੇ ਲਈ ਮਰੇ ( 2 ਕੁਰਿੰ 5:15; 1 ਤਿਮੋ 2:6; 1 ਯਹੂੰਨਾ 2:2) ਉਹ ਚਹੁੰਦੇ ਹਨ ਕਿ ਸਾਰੇ ਜਾਨਣ ਕਿ ਉਨ੍ਹਾਂ ਨੇ ਕਿ ਕੀਤਾ। ਹਰ ਵਿਸ਼ਵਾਸੀ ਨੂੰ ਪੁਰਜ਼ੋਰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਦੁਨੀਆ ਦੇ ਲੋਕ ਇਸ ਖੁਸ਼ਖਬਰੀ ਨੂੰ ਸੁਨਣ।

16:16- ਮੱਤੀ 3:6 ਵਿੱਚ ਬਪਤਿਸਮੇ ਬਾਰੇ ਨੋਟਸ ਪੜ੍ਹੋ। ਮੁਕਤੀ ਵਿਸ਼ਵਾਸ ਕਰਨ ਨਾਲ ਮਿਲਦੀ ਹੈ ( ਯਹੂੰਨਾ 3:16; 6:47; ਰਸੂਲਾਂ 16:31; ਰੋਮੀਆਂ 1:7; 3:22,25; ਗਲਾ 2:16; ਅਫ 2:8) ਮੁਕਤੀ ਦੇ ਲਈ ਬਪਤਿਸਮਾ ਜਰੂਰੀ ਨਹੀ ਹੈ।ਪਰ ਜੋ ਲੋਕ ਯਿਸੂ ਤੇ ਵਿਸ਼ਵਾਸ ਕਰਦੇ ਹਨ,ਉਨ੍ਹਾਂ ਨੂੰ ਬਪਤਿਸਮੇ ਦੇ ਦੁਆਰਾ

ਇਹ ਗਵਾਹੀ ਦੇਣੀ ਚਾਹੀਦੀ ਹੈ। ਜੇਕਰ ਕੋਈ ਵਿਅਕਤੀ ਕਹਿੰਦਾ ਹੈ ਕਿ ਉਹ ਯਿਸੂ ਤੇ ਵਿਸ਼ਵਾਸ ਕਰਦਾ ਹੈ ਪਰ ਉਹ ਬਪਤਿਸਮਾ ਨਹੀਂ ਲੈਂਦਾ ਤਾਂ ਉਸਦਾ ਵਿਸ਼ਵਾਸੀ ਹੋਣਾ ਸ਼ੱਕ ਵਿੱਚ ਹੈ। ਯਿਸੂ ਨੇ ਇਹ ਨਹੀਂ ਕਿਹਾ ਕਿ ਜੋ 'ਬਪਤਿਸਮਾ ਨਾ ਲਵੇ' ਨਾਸ਼ ਹੋ ਜਾਵੇਗਾ ਪਰ ਜੋ "ਵਿਸ਼ਵਾਸ ਨਾ ਕਰੇ।" ਤੁਲਨਾ ਕਰੋ ਯਹੂੰਨਾ 3:17,18।

**16:17,18 –** ਇਸਦਾ ਮਤਲਬ ਇਹ ਨਹੀਂ ਹੈ ਕਿ ਇਸ ਪੂਰੇ ਕ੍ਰਿਪਾ ਯੁੱਗ ਵਿੱਚ ਹਰ ਇੱਕ ਵਿਸ਼ਵਾਸੀ ਦੇ ਜੀਵਨ ਵਿੱਚ ਇਹ ਚਿੰਨ੍ਹ ਹੋਣਗੇ।ਇਹ ਸੱਚ ਹੈ ਕਿ ਕਈ ਸਾਰੇ ਵਿਸ਼ਵਾਸੀਆਂ ਵਿੱਚ ਇੰਨ੍ਹਾਂ ਵਿੱਚੋਂ ਇੱਕ ਵੀ ਚਿੰਨ੍ਹ ਨਹੀਂ ਹੈ।ਇਹ ਉਨ੍ਹਾਂ ਦੇ ਬਾਰੇ ਹੈ ਜੋ ਵਿਸ਼ਵਾਸ ਕਰਨਗੇ ਨਾ ਕਿ ਉਹ ਜਿੰਨ੍ਹਾਂ ਦੇ ਕੋਲ ਆਸਾਧਾਰਨ ਵਿਸ਼ਵਾਸ ਹੋਵੇਗਾ ਜਾਂ ਬਹੁਤ ਜਿਆਦਾ ਸਮਰਪਿਤ ਜੀਵਨ ਹੋਵੇਗਾ।ਦੁਸ਼ਟ ਆਤਮਾਵਾਂ ਨੂੰ ਕੱਢਣ ਦੇ ਬਾਰੇ ਦੇਖੋ (ਰਸੂਲਾਂ 5:16; 8:7; 16:18; 19:13,16)

ਪਰਾਈ ਭਾਸ਼ਾ ਦੇ ਬੋਲਣ ਬਾਰੇ (ਰਸੂਲਾਂ 2:4; 10:46; 19:6; 1 ਕੁਰਿੰ 12:10,28,30; 13:1; 19:2-39) ਸੱਪਾਂ ਦੇ ਬਾਰੇ ਲੂਕਾ 10:19; ਰਸੂਲਾਂ 28:3-5 ਇਸਦਾ ਮਤਲਬ ਇਹ ਨਹੀਂ ਕਿ ਕੋਈ ਜਾਨ ਬੁਝ ਕੇ ਸੱਪ ਨੂੰ ਹੱਥ ਵਿੱਚ ਫੜੇ, ਆਪਣੇ ਵਿਸ਼ਵਾਸ ਨੂੰ ਦਿਖਾਉਣ ਦੇ ਲਈ। (ਤੁਲਨਾ ਕਰੋ ਮੱਤੀ 4:6,7)। ਬਾਈਬਾਲ (ਨਵੇਂ ਨਿਯਮ) ਵਿੱਚ ਅਸੀਂ ਕਿਤੇ ਨਹੀ ਪੜਦੇ ਕਿ ਕਿਸੇ ਨੂੰ ਜਹਿਰ ਦਿੱਤਾ ਗਿਆ ਹੋਵੇ। ਇਸਦਾ ਮਤਲਬ ਇਹ ਵੀ ਨਹੀਂ ਹੈ ਕਿ ਜੋ ਘਟਨਾਵਾਂ ਨਵੇਂ ਨਿਯਮ ਵਿੱਚ ਨਹੀਂ ਹਨ ਉਹ ਕਦੇ ਨਹੀਂ ਹੋਣਗੀਆਂ। ਬੀਮਾਰਾਂ ਦੇ ਚੰਗੇ ਹੋਣ ਬਾਰੇ ਦੇਖੋ (ਰਸੂਲਾਂ 28:8,9; ਯਾਕੂਬ 5:14,15)।

ਆਪਣੀ ਵਾਹ-ਵਾਹ ਸੁਨਣ ਦੇ ਲਈ ਇਹ ਚਿੰਨ੍ਹ ਨਹੀਂ ਦਿੱਤੇ ਗਏ ਸਨ।ਇਹ ਜਾਨਣਾ ਵੀ ਜਰੂਰੀ ਹੈ ਕਿ ਇਹ ਚਿੰਨ੍ਹ ਪਰਮੇਸ਼ੁਰ ਦੇ ਹੱਥ ਵਿੱਚ ਹਨ।ਉਹ ਦੇ ਸਕਦੇ ਹਨ ਅਤੇ ਨਹੀਂ ਵੀ ਇਹ ਉਸਦੀ ਮਰਜੀ ਤੇ ਨਿਰਭਰ ਕਰਦਾ ਹੈ। ਇੱਥੇ ਦਿੱਤੇ ਹੋਏ ਕੁਝ ਚਿੰਨ ਆਤਮਿਕ ਵਰਦਾਨਾਂ ਦੀ ਸੂਚੀ ਵਿੱਚ ਨਹੀ ਪਾਏ ਜਾਂਦੇ ਹਨ ਦੇਖੋ ਰੋਮੀ 12:6-8, 1 ਕੁਰਿੰ 12 ਅਧਿਆਏ। ਇੱਥੇ ਨੋਟਸ ਦੇਖੋ। 16:19; ਲੂਕਾ 24:50,57; ਰਸੂਲਾਂ 1:9-11; ਜਬੂਰ 110:1 । ਸੱਜਾ ਹੱਥ 'ਆਦਰ' ਅਤੇ 'ਅਧਿਕਾਰ' ਦਾ ਚਿੰਨ ਹੈ। (ਤੁਲਨਾ ਕਰੋ ਮੱਤੀ 28:18)